Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਸਤੰਬਰ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ !



"ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥"

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ



ਜੁਗੋ ਜੁਗੋ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਗਤ ਦਾ ਸਦੀਵ ਸ਼ਬਦ-ਗੁਰੂ ਹੈ। ਇਹ ਇਕ ਅਜਿਹਾ ਕੇਂਦਰ ਹੈ ਜੋ ਕਿ ਸਮੁੱਚੇ ਸਿੱਖ ਜਗਤ ਨੂੰ ਹੀ ਨਹੀਂ ਬਲਕਿ ਪੂਰੀ ਦੁਨੀਆਂ ਨੂੰ ਚਾਨਣਾ ਮੁਨਾਰ ਕਰਦਾ ਹੈ। ਮੋਹ ਮਾਇਆ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬਾਨ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਪ੍ਰਮੁੱਖ ਰਚਨਾ 'ਜਪੁ ਜੀ' ਨਾਲ ਹੁੰਦਾ ਹੈ। ਇਸ ਦਾ ਪਾਠ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਜਪੁ ਜੀ ਸਾਹਿਬ ਪਿੱਛੋਂ 'ਸੋ ਦਰੁ ਰਹਰਾਸਿ' ਨੂੰ ਸਥਾਨ ਦਿੱਤਾ ਗਿਆ ਹੈ। 'ਸੋ ਦਰੁ' ਦਾ ਅਰਥ ਹੈ – ਦੁਆਰ, ਅਰਥਾਤ ਈਸ਼ਵਰ ਦੀ ਪ੍ਰਾਪਤੀ ਦਾ ਦੁਆਰ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 3 ਗੁਰਸਿੱਖਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ। ਇਸੇ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ - **"ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।"** ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ (ਜੋ ਕਿ ਰਿਸ਼ਤੇ ਵਿਚ ਉਨ੍ਹਾਂ ਦੇ ਮਾਮਾ ਜੀ ਸਨ) ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। 'ਸੋਹਿਲਾ' ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਕੁੱਲ 1430 ਪੰਨਿਆਂ ਵਿੱਚੋਂ 1154 ਪੰਨੇ ਇਸ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸ ਨੂੰ 31 ਭਾਗਾਂ ਵਿੱਚ, 31 ਰਾਗਾਂ ਅਨੁਸਾਰ ਵੰਡਿਆ ਗਿਆ ਹੈ। ਇਸ ਵਿੱਚ ਗੁਰੂ-ਵਿਅਕਤੀਆਂ ਨੂੰ ਤਰਤੀਬ ਅਨੁਸਾਰ ਤੇ ਫਿਰ ਛੰਦਾਂ ਜਾਂ ਕਾਵਿ-ਰੂਪਾਂ ਨੂੰ ਤਰਤੀਬ ਅਨੁਸਾਰ ਸਥਾਨ ਦਿੱਤਾ ਗਿਆ ਹੈ। ਮਿਸਾਲ ਵਜੋਂ ਕਿਸੇ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦੁਪਦੇ, ਚਉਪਦੇ, ਅਸਟਪਦੀਆਂ ਮਿਲਦੀਆਂ ਹਨ ਤਾਂ ਰਾਗ ਦੀ ਅੰਦਰੂਨੀ ਤਰਤੀਬ ਬਣਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਦੁਪਦੇ ਇਕੱਠੇ ਕਰ ਦਿੱਤੇ ਤੇ ਫਿਰ ਉਸ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਦੇ ਦੁਪਦੇ ਤਰਤੀਬਵਾਰ ਜੋੜ ਦਿੱਤੇ। ਇਸ ਤਰ੍ਹਾਂ ਚਉਪਦੇ, ਅਸਟਪਦੀਆਂ ਅਤੇ ਜੋ ਵੱਡੀ ਬਾਣੀ ਹੈ ਉਹ ਇਸ ਤੋਂ ਬਾਅਦ, ਫਿਰ ਵਾਰਾਂ ਤੇ ਫਿਰ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਮਹਲਾ 1, 2, 3, 4, 5 ਦੇ ਕੇ ਗੁਰੂ ਵਿਅਕਤੀਆਂ ਨੂੰ ਵੱਖਰਿਆਂ ਵੀ ਦਰਸਾਇਆ ਗਿਆ ਹੈ ਅੰਤ ਵਿੱਚ 'ਨਾਨਕ' ਨਾਮ ਦਾ ਪ੍ਰਯੋਗ ਕਰਕੇ ਏਕ-ਜੋਤ ਦੇ ਸਿਧਾਂਤ ਨੂੰ ਵੀ ਕਾਇਮ ਰੱਖਿਆ ਗਿਆ ਹੈ। ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਸਾਬੋ ਕੀ ਤਲਵੰਡੀ ਵਿਖੇ ਲਿਖਵਾਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜੁਗੋ ਜੁਗ ਅਟੱਲ ਗੁਰੂ' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ ਮਹਾਂਪੁਰਸ਼ਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲ ਕਰਨ ਲਈ ਹੁਕਮ ਕੀਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ। ਇਸ ਦਾ ਵਿਸ਼ਵ-ਵਿਆਪੀ ਸਰੂਪ, ਇਸ ਨੂੰ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿੱਚੋਂ ਸ੍ਰੇਸ਼ਟਤਾ ਪ੍ਰਦਾਨ ਕਰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਨੂੰ ਗੁਰੂਤਾ ਪ੍ਰਦਾਨ ਕੀਤੀ ਹੈ, ਸਿੱਖਾਂ ਵੱਲੋਂ ਇਸ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ 'ਗੁਰੂ' ਦਾ ਸੀ। ਹੁਣ ਸਿੱਖਾਂ ਲਈ ਉਪਾਸਨਾ ਦਾ ਕੇਂਦਰ ਇਹੀ ਹੈ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181


## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਸਤੰਬਰ ਮਹੀਨੇ ਦੀ ਮੱਸਿਆ, ਸੰਗਰਾਂਦ**
**ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**
**ਪੂਰਨਮਾਸ਼ੀ - (੨੫ ਭਾਦੋਂ) 10-09-2022 (ਸ਼ਨੀਵਾਰ)**
**ਸੰਗਰਾਂਦ - (੧ ਅੱਸੂ) 17-09-2022 (ਸ਼ਨੀਵਾਰ)**
**ਮੱਸਿਆ - (੯ ਅੱਸੂ) 25-09-2022 (ਐਤਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 111 | ਸਤੰਬਰ - 2022


1. ਪ੍ਰਥਮ ਪ੍ਰਕਾਸ਼ ਅਸਥਾਨ ਸ੍ਰੀ ਹਰਿਮੰਦਰ ਸਾਹਿਬ 4
2. ਅਣਵੰਡੇ ਪੰਜਾਬ ਵਿਚ ਲੁਬਾਣਾ ਬਰਾਦਰੀ ਦੇ ਪਿੰਡ 9
3. ਗੁਰ ਸਾਗਰ ਦੇ ਸੁੱਚੇ ਮੋਤੀ 12
4. ਭਾਦੋਂ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 13
5. ਇਕ ਉਭਰਦਾ ਖਿਡਾਰੀ 16
6. ਜੀਵਨ ਵਿਕਾਸ – ਇਕ ਸੰਘਰਸ਼ 17–18
7. ਆਪਣਿਆਂ ਹੱਥੋਂ ਹਾਰੇ ਰਿਸ਼ਤੇ! 19
8. ਆਓ ਜਾਣੀਏ! 20
9. ਘੜਾ 22
10. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 26
11. ਲੁਬਾਣਾ ਸੇਵਕ ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ 27
12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ..... 28
13. ਕਹਾਣੀ / ਪਾਣੀ–ਪਿਤਾ 29
14. ਸਿਹਤ ਸੰਭਾਲ 33
15. ਜੇਠੂ ਦਾ ਕੋਠਾ 34
16. ਸ਼ਬਦਾਂ ਦੇ ਸੰਜੋਗ 35
17. ਕਾਵਿ–ਕਿਆਰੀ 36
18. Ten Fantastic Words & Ten Tips of Life 38
19. Happy Engineers Day 39
20. Matrimonial 40
21. ਦਾਨੀ ਸੱਜਣਾਂ ਦੀ ਸੂਚੀ 41


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਪ੍ਰਥਮ ਪ੍ਰਕਾਸ਼ ਅਸਥਾਨ ਸ੍ਰੀ ਹਰਿਮੰਦਰ ਸਾਹਿਬ



ਇਸ ਸੰਸਾਰ ਵਿੱਚ ਜਿਥੇ ਵੀ ਕੋਈ ਨਾਨਕ ਨਾਮ ਲੇਵਾ ਸਿੱਖ ਜਾਂ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲਾ ਪ੍ਰਾਣੀ ਰਹਿੰਦਾ ਹੋਵੇ, ਦੀ ਇਹ ਦਿਲੀ ਤਮੰਨਾ ਬਣੀ ਰਹਿੰਦੀ ਹੈ ਕਿ ਉਸ ਦੀ ਜ਼ਿੰਦਗੀ 'ਚ ਘੱਟੋ ਘੱਟ ਇੱਕ ਵਾਰੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਹੋ ਜਾਣ। ਉਹਦੇ ਵਾਸਤੇ ਇਸ ਪਾਕਿ ਪਵਿੱਤਰ ਸਥਾਨ ਤੋਂ ਬਗੈਰ ਹੋਰ ਕੋਈ ਵੀ ਪਾਕਿ ਜਗ੍ਹਾ ਨਹੀਂ ਹੈ ਕਿਉਂਕਿ ਇਹ ਉਹੀ ਭਾਗਾਂ ਵਾਲੀ ਧਰਤੀ ਹੈ ਜਿਥੇ ਦਸ ਸਿੱਖ ਗੁਰੂ ਸਾਹਿਬਾਨ ਵਿੱਚੋਂ ਅੱਠ ਸਿੱਖ ਗੁਰੂ ਸਾਹਿਬਾਨ ਦੇ ਚਰਨ ਪਏ ਹਨ।


**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**




ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਹਿਲੀ ਵਾਰੀ ਭਾਈ ਮਰਦਾਨਾ ਜੀ ਨਾਲ ਇਥੇ ਸੰਨ 1502 ਈਸਵੀ 'ਚ ਆਏ। ਉਨ੍ਹਾਂ ਇਥੋਂ ਦੇ ਸ਼ਾਂਤਮਈ ਵਾਤਾਵਰਨ ਨੂੰ ਬਹੁਤ ਪਸੰਦ ਕੀਤਾ। ਇਸ ਤੋਂ ਬਾਅਦ ਫਿਰ 30 ਸਾਲਾਂ ਬਾਅਦ ਸੰਨ 1532 ਈਸਵੀ 'ਚ ਉਹ ਫਿਰ ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ ਜੀ) ਅਤੇ ਬਾਬਾ ਬੁੱਢਾ ਜੀ ਨਾਲ ਇਸ ਛੱਪੜੀ ਦੇ ਕੱਢੇ ਕੁਝ ਦੇਰ ਲਈ ਠਹਿਰੇ ਤੇ ਉਨ੍ਹਾਂ ਨੇ ਸੁਖਾਵੀਂ ਜਗ੍ਹਾ ਸਮਝ ਕੇ ਇਸ ਨੂੰ ਦਿਲੋਂ ਪਸੰਦ ਕੀਤਾ।

**ਜਿਥੇ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥**
**ਓਇ ਸੇਵਨਿ ਸੰਮ੍ਰਿਥੁ ਅਪਣਾ ਬਿਨਸੈ ਸਭੁ ਮੰਦਾ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 319)**

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਹੋਂਦ ਕਿਵੇਂ ਹੋਈ ਜਾਂ ਇਸ ਦੇ ਪਿਛੋਕੜ ਬਾਰੇ ਚਰਚਾ ਛੇੜੀ ਜਾਵੇ ਤਾਂ ਜਿਥੇ ਅੱਜ ਇਹ ਭਾਗਾਂ ਵਾਲੀ ਧਰਤੀ ਹੈ ਉਥੇ ਇੱਕ ਛੱਪੜੀ ਹੁੰਦੀ ਸੀ, ਜਿਸਨੂੰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮਾਂ ਨਾਲ ਵੱਡਾ ਤੇ ਡੂੰਘਾ ਕਰਵਾਇਆ ਤੇ ਇਸ ਦਾ ਨਾਂ ਪਹਿਲੇ ਰਾਮ ਸਰ ਪਿਆ ਤੇ ਮਗਰੋਂ ਅੰਮ੍ਰਿਤਸਰ (ਅੰਮ੍ਰਿਤ ਦਾ ਸਰੋਵਰ) ਹੋ ਗਿਆ। ਇਸ ਦੇ ਆਸ-ਪਾਸ ਸਿੱਖ ਸੰਗਤਾਂ ਤੇ ਹੋਰ ਵਿਉਪਾਰੀਆਂ ਨੇ ਅਬਾਦੀ ਕਰ ਲਈ। ਇਹ ਕੁਦਰਤੀ ਤੇ ਸੁਭਾਵਿਕ ਹੀ ਸੀ ਜਿਥੇ ਕੋਈ ਸ਼ਹਿਰ ਜਾਂ ਪਿੰਡ ਵਸ ਜਾਵੇ ਰੋਜ਼ ਮਰਾ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹ ਕੇਂਦਰੀ ਸਥਾਨ ਬਣ ਜਾਂਦਾ ਹੈ। ਉਸ ਵਸੋਂ ਨੂੰ ਅੰਮ੍ਰਿਤਸਰ, ਹੀ ਕਿਹਾ ਜਾਣ ਲੱਗ ਪਿਆ। ਜਿਸ ਨੂੰ ਸ਼ੁਰੂ ਸ਼ੁਰੂ ਵਿੱਚ 'ਗੁਰੂ ਕਾ ਚੱਕ' ਕਰਕੇ ਵੀ ਜਾਣਿਆ ਜਾਂਦਾ ਸੀ। ਇਸ ਸਾਰੇ ਬੰਦੋਬਸਤ ਵਾਸਤੇ ਸਾਰੀ ਜ਼ਮੀਨ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ 700 ਅਕਬਰੀ ਮੋਹਰਾਂ ਦੇ ਕੇ ਖਰੀਦੀ ਗਈ ਸੀ। (ਅੰਮ੍ਰਿਤਸਰ ਸਰੋਵਰ) ਸ੍ਰੀ ਹਰਿਮੰਦਰ ਸਾਹਿਬ ਦੀ ਖੁਦਾਈ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮਾਂ ਨਾਲ ਸ੍ਰੀ ਗੁਰੂ ਰਾਮਦਾਸ ਚੌਥੇ ਪਾਤਸ਼ਾਹ ਜੀ ਨੇ 6 ਨਵੰਬਰ 1573 ਈਸਵੀ ਨੂੰ ਆਰੰਭ ਕਰਵਾਈ। ਧੰਨ-ਧੰਨ ਬਾਬਾ ਬੁੱਢਾ ਜੀ ਅਨੁਸਾਰ ਸਰੋਵਰ ਦੀ ਖੁਦਾਈ ਲਈ ਪਹਿਲਾ ਟੱਕ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਲਗਾਇਆ ਅਤੇ ਇਹ ਸੇਵਾ ਕਾਰਜ ਦੁਖ ਭੰਜਨੀ ਬੇਰੀ ਨੇੜਿਓਂ ਪ੍ਰਾਰੰਭ ਹੋਇਆ। ਅਗਲੇ ਸਾਲ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਜਿਸ ਕਰਕੇ ਇਹ ਸੇਵਾ ਕਾਰਜ ਰੁਕ ਗਿਆ। ਫਿਰ 1576 ਈਸਵੀ ਨੂੰ ਦੋਬਾਰਾ ਸੇਵਾ ਕਾਰਜਾਂ ਦੀ ਸ਼ੁਰੂਆਤ ਜੋਰਾਂ ਸ਼ੋਰਾਂ ਨਾਲ ਆਰੰਭ ਹੋਈ ਅਤੇ 13 ਸਾਲਾਂ ਦੇ ਸਮੇਂ ਮਗਰੋਂ ਇਸ ਦੀ ਸੰਪੰਨਤਾ ਹੋਈ।

ਇਸ ਸਮੇਂ ਤੱਕ ਗੁਰ ਗੱਦੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਦੇ ਰੂਪ ਵਿੱਚ ਬਿਰਾਜਮਾਨ ਹੋ ਚੁੱਕੇ ਸਨ। ਉਨ੍ਹਾਂ ਨੇ ਇਸ ਪਾਵਨ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ (ਰਬ ਦਾ ਘਰ) ਬਣਵਾਇਆ। ਜਿਸ ਦਾ ਨੀਂਹ ਪੱਥਰ ਮੁਸਲਮਾਨ ਸੂਫੀ ਦਰਵੇਸ਼ ਮੀਰ ਮੁਯੀਨ-ਉਲ-ਅਸਲਾਮ, ਜਿਨ੍ਹਾਂ ਨੂੰ ਪਿਆਰ ਨਾਲ ਤੇ ਸਤਿਕਾਰ ਨਾਲ ਸਾਈਂ ਮੀਆਂ ਮੀਰ ਜੀ ਕਰਕੇ ਯਾਦ ਕੀਤਾ ਜਾਂਦਾ ਹੈ ਨੇ ਜਨਵਰੀ 1589 ਈਸਵੀ ਨੂੰ ਰੱਖਿਆ ਤੇ 1601 ਈਸਵੀ ਨੂੰ ਇਹ ਕਾਰਜ ਮੁਕੰਮਲ ਹੋਇਆ। ਸਾਹਿਬ ਸ੍ਰੀ ਆਦਿ ਗ੍ਰੰਥ ਦੀ ਸੰਪਾਦਨਾ (ਤਰਤੀਬ) ਪੰਜਵੇਂ ਪਾਤਸ਼ਾਹ ਨੇ 1604 ਈ. ਵਿੱਚ ਸੰਪੂਰਨ ਕਰਵਾਈ। ਇੱਕ ਸਤੰਬਰ 1604 ਈਸਵੀ ਭਾਦੋਂ ਸੁਦੀ ਏਕਮ ਜਾਨੀ 17 ਭਾਦੋਂ ਨੂੰ ਆਦਿ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿੱਚ ਬਿਰਾਜਮਾਨ ਕਰਨ ਦੀ ਪਵਿੱਤਰ ਕਾਰਵਾਈ ਅਮਲ ਵਿੱਚ ਆਈ। ਹਰਿਮੰਦਰ ਸਾਹਿਬ ਦੇ ਪ੍ਰਥਮ ਗ੍ਰੰਥੀ ਵਜੋਂ ਥਾਪੇ ਗਏ ਬਾਬਾ ਬੁੱਢਾ ਜੀ ਨੇ

ਆਦਿ ਗ੍ਰੰਥ ਸਾਹਿਬ ਵਿੱਚੋਂ ਪ੍ਰਥਮ ਹੁਕਮਨਾਮਾ ਲਿਆ ਜਿਸ ਦੇ ਪ੍ਰਾਰੰਭਕ ਸ਼ਬਦ ਇਵੇਂ ਸਨ –

**ਸੰਤਾਂ ਕੇ ਕਾਰਜਿ ਆਪਿ ਖਲੋਇਆ,**
**ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ,**
**ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**

(ਪੰਨਾ-3)

**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥**
**ਜੈ ਜੈਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥**
**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥**
**ਅਪਨਾ ਬਿਰਦੁ ਰੱਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥**

**(ਅੰਗ 783)**

ਹਰਿਮੰਦਰ ਸਾਹਿਬ ਅਤੇ ਸਰੋਵਰ ਦੇ ਪੁਰਾਤਿਨ ਇਤਿਹਾਸ ਬਾਰੇ ਅਗਰ ਹੋਰ ਜਾਣਕਾਰੀ ਦੀ ਗਲ ਕਰੀਏ ਤਾਂ ਮਹਾਤਮਾ ਬੁੱਧ ਜੀ ਇਸ ਢਾਬ (ਛੱਪੜੀ) ਵਾਲੀ ਕੁਦਰਤੀ ਰਮਣੀਕ ਜਗ੍ਹਾ ਤੇ ਕੁਝ ਸਮੇਂ ਰੁੱਕੇ ਤੇ ਕਈ ਤਰ੍ਹਾਂ ਦੇ ਪਰੀਬੱਚਨ ਕੀਤੇ। ਭਾਰਤ ਵਿੱਚੋ ਬੋਧੀ ਧਰਮ ਦੇ ਪਤਨ ਤੋਂ ਬਾਅਦ ਇਹ ਇਲਾਕਾ ਫਿਰ ਬੇ-ਆਬਾਦ ਹੋ ਗਿਆ। ਪਹਿਲੀ ਪਾਤਸ਼ਾਹੀ ਜੀ ਦੇ ਵਕਤ ਇਹ ਇਲਾਕਾ ਜੰਗਲ ਤੇ ਸੁਨਸਾਨ ਸੀ।

ਅਗਰ ਹੋਰ ਪਿਛਲੇ ਸਮੇਂ ਦੇ ਹਾਲਾਤਾਂ ਜਾਂ ਇਤਿਹਾਸ ਦੀ ਗਲ ਕਰੀਏ ਤਾਂ ਸੀਤਾ ਮਾਤਾ ਤੇ ਭਗਵਾਨ ਸ੍ਰੀ ਰਾਮ ਜੀ ਨੂੰ ਬਨਵਾਸ ਵਕਤ ਮਹਿਲਾਂ ਚੋਂ ਕੱਢੇ ਜਾਣ ਉਪਰੰਤ ਇਸ ਅਸਥਾਨ ਤੇ ਹੀ ਆ ਕੇ ਰਹੇ ਸਨ। ਉਨ੍ਹਾਂ ਦੇ ਦੋ ਪੁੱਤਰ ਲਵ ਤੇ ਕੁਸ਼ ਜਿਨ੍ਹਾਂ ਦੇ ਨਾਂ ਤੇ ਦੋ ਮੌਜੂਦਾ ਸ਼ਹਿਰ ਜੋ ਹੁਣ ਪਾਕਿਸਤਾਨ 'ਚ ਹਨ ਲਵ ਤੋਂ ਲਾਹੌਰ ਤੇ ਕੁਸ਼ ਤੋਂ ਕਸੂਰ, ਉਹ ਵੀ ਇਥੇ ਬਾਲਮੀਕ ਆਸ਼ਰਮ 'ਚ ਪੈਦਾ ਹੋਏ ਉਨ੍ਹਾਂ ਦਾ ਬਚਪਨ ਇਥੇ ਬੀਤਿਆ। ਦੁਖ ਭੰਜਨੀ ਬੇਰੀ ਵਾਲੀ ਇਹ ਉਹੀ ਧਰਤੀ ਜਿਥੇ ਲਵ ਅਤੇ ਕੁਸ਼ ਨੇ ਆਪਣੇ ਪਿਤਾ ਅਤੇ ਚਾਚਿਆਂ ਨਾਲ ਯੁਧ ਕੀਤਾ ਅਤੇ ਬਹੁਤ ਸਾਰੀ ਫੌਜ ਨੂੰ ਮੁਰਸ਼ਿਤ (ਅਧ-ਮੋਇਆ) ਕਰ ਦਿੱਤਾ। ਬਾਅਦ ਵਿੱਚ ਸਾਰਾ ਭੇਦ ਖੁਲ੍ਹਣ ਤੇ ਅਰਸ਼ਾ ਤੋਂ ਅੰਮ੍ਰਿਤ ਜਲ ਦਾ ਘੜਾ ਲਿਆ ਕੇ ਸਭ ਨੂੰ ਸੁਰਜੀਤ (ਜਿੰਦਾ) ਕੀਤਾ ਅਤੇ ਬਾਕੀ ਜੋ ਅੰਮ੍ਰਿਤ ਬੱਚਿਆ ਉਹ ਇਥੇ ਬਣੀ ਛਪੜੀ ਵਾਲੀ ਥਾਂ ਤੇ ਦਬਾ ਦਿੱਤਾ ਗਿਆ ਜਿਥੇ ਅੱਜ ਹਰਿਮੰਦਰ ਦੇ ਚਾਰੋਂ ਤਰਫ ਤਲਾਬ ਜਾਂ ਅੰਮ੍ਰਿਤਸਰ ਸਰੋਵਰ ਹੈ।

ਹਰਿਮੰਦਰ, ਪਰਮਾਤਮਾਂ ਦਾ ਆਪਣਾ ਧਾਮ ਹੈ। ਪਰਮਾਤਮਾਂ ਦਾ ਇਹ ਘਰ ਹਰ ਇਕ-ਮਨ ਨੂੰ ਭਾਉਂਦਾ ਹੈ। ਇਥੇ ਆ ਕੇ ਆਤਮਿਕ ਅਨੰਦ ਮਿਲਦਾ ਹੈ। ਸਭ ਪ੍ਰਾਣੀ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਹੀ ਰੂਪ ਲਗਦੇ ਹਨ। ਤੇਰ ਮੇਰ ਦਾ ਭਰਮ ਖੰਭ ਲਾ ਕੇ ਉਡ ਜਾਂਦਾ ਹੈ ਤੇ ਮਨੁੱਖ ਇਵੇਂ ਮਹਿਸੂਸ ਕਰਦਾ ਹੈ ਜਿਵੇਂ ਉਹ ਬੇ-ਗਮਪੁਰੇ ਦਾ ਵਾਸੀ ਬਣ ਗਿਆ ਹੋਵੇ। ਮਹਾਨ ਵਿਦਵਾਨ ਪ੍ਰੋਫੈਸਰ ਪੂਰਨ ਸਿੰਘ ਆਪਣੀ ਕਿਤਾਬ The book of the ten masters ਵਿੱਚ ਹਰਿਮੰਦਰ ਦੀ ਮਹਿਮਾ ਦਾ ਵਿਖਿਆਨ ਕਰਦਿਆਂ ਲਿਖਦਾ ਹੈ "ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤਾਂ ਬਸ ਮਿਲਾਪ ਹੀ ਮਿਲਾਪ ਹੈ, ਪਿਆਰ ਹੀ ਪਿਆਰ ਹੈ, ਇਹ ਐਸਾ ਤੀਰਥ ਹੈ ਜਿਥੇ ਹੋਰ ਤੀਰਥ ਆ ਕੇ ਸੇਵਕ ਬਣ ਜਾਂਦੇ ਹਨ ਅਤੇ ਆਪਣੀ ਹਾਜਰੀ ਲਗਵਾਉਂਦੇ ਹਨ।"

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੋ ਆਪ ਸਭ ਜਾਣੀ ਜਾਣ ਸਨ ਉਨ੍ਹਾਂ ਆਪਣੀ ਉਤਕ੍ਰਿਸ਼ਟ ਸੋਚ ਨਾਲ ਹਰਿਮੰਦਰ ਸਾਹਿਬ ਦੇ ਹਰੇਕ ਪਹਿਲੂ ਨੂੰ ਬੜੀ ਬਰੀਕੀ ਨਾਲ ਵਿਚਾਰਿਆ ਅਤੇ ਇਸ ਦੇ ਉਸਾਰਨ ਤੇ ਉਚੇਚਾ ਧਿਆਨ ਦਿੱਤਾ। ਜੋ ਤਲਾਬ (ਸਰੋਵਰ) ਦੀ ਲੰਬਾਈ ਹੈ ਆਇਤਕਾਰ ਹੈ। ਇੱਕ ਪਾਸੇ 500 ਫੁਟ ਹੈ ਅਤੇ ਦੂਜੇ ਪਾਸੇ 490 ਫੁੱਟ ਹੈ। ਸਵੱਛ ਜਲ ਦੇ ਐਨ ਵਿਚਕਾਰ 67 ਹੱਥ ਲੰਬੇ ਤੇ 67 ਹੱਥ ਹੀ ਚੌੜੇ... ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੀ ਉਸਾਰੀ ਕੀਤੀ ਗਈ ਹੈ ਇਸ ਤਰ੍ਹਾਂ ਪ੍ਰੰਪਰਾਵਾਦੀ ਸ਼ਰਧਾਲੂ ਨੂੰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਵਿੱਚ ਹੀ ਸਾਰੇ 68 ਤੀਰਥ ਸਥਾਪਨਾ ਦਾ ਫਲ ਮਿਲ ਜਾਂਦਾ ਹੈ। ਦਰਸ਼ਨੀ ਡਿਉਢੀ ਤੋਂ ਹਰਿਮੰਦਰ ਸਾਹਿਬ ਤੱਕ ਪ੍ਰਵੇਸ਼ ਕਰਨ ਤੱਕ 84 ਕਦਮ ਚਲ ਕੇ ਆਉਣਾ ਪੈਂਦਾ ਹੈ। ਮਨੁੱਖ ਜਦ ਦਰਸ਼ਨੀ ਡਿਊੜੀ ਤੋਂ ਦਰਬਾਰ ਸਾਹਿਬ ਤੱਕ ਜਾਂਦਾ ਹੈ ਤਾਂ ਬਣੇ ਪੁਲ ਤੇ 84 ਕਦਮ ਪੁਟ ਕੇ ਅੱਗੇ ਵਧਦਾ ਹੈ ਤਾਂ ਉਸ ਦਾ 84 ਦਾ ਗੇੜ ਕੱਟਿਆ ਜਾਂਦਾ ਹੈ ਅਤੇ ਨਾਲ ਹੀ 84 ਲੱਖ ਜੂਨਾਂ ਦਾ ਡਰ ਲਿਹ ਜਾਂਦਾ ਹੈ। ਇਕ ਹੋਰ ਕਿ ਜਿਹੜੀ ਚੀਜ਼ ਅਤਿ ਉਤਮ ਹੋਵੇ ਉਹ 16 ਕਲਾਂ ਸੰਪੂਰਨ ਹੁੰਦੀ ਹੈ। ਹਰਿਮੰਦਰ ਤਾਂ ਇਸ ਲਿਹਾਜ ਨਾਲ ਸਰਬ ਕਲਾ ਸੰਪੂਰਨ ਹੈ। ਅੰਮ੍ਰਿਤ ਸਰੋਵਰ ਦਾ 17 ਫੁਟ ਡੂੰਘਾ ਹੋਣਾ 16 ਕਲਾਂ ਨਾਲੋਂ ਵੀ ਉੱਤੇ ਹੈ। ਇਸ ਦੇ ਅੰਮ੍ਰਿਤ ਦੇ ਜਲ ਦੇ ਤੁਲ ਹੋਰ ਕੁਝ ਵੀ ਨਹੀਂ। ਪਿਛਲੇ 4 ਸੌ ਸਾਲਾਂ ਤੋਂ ਇਲਾਹੀ ਬਾਣੀ ਦੀਆਂ ਸੂਖ਼ਮ ਤਰੰਗਾਂ ਇਸ ਵਿੱਚ ਸਮੋਈਆਂ ਹਨ। ਇਸੇ ਪਵਿੱਤਰਤਾ ਕਾਰਨ ਇਹ ਜਲ ਖਰਾਬ ਨਹੀਂ ਹੁੰਦਾ। ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਇਸ ਸਰੋਵਰ ਦੀ ਉਪਮਾ ਵਿੱਚ ਆਪਣੇ ਮੁਖਾਰਬਿੰਦ ਤੋਂ ਇਵੇਂ ਫਰਮਾਉਂਦੇ ਹਨ –

**ਰਾਮਦਾਸ ਸਰੋਵਰ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥**
**ਗੁਨ ਗੋਬਿੰਦ ਨਿਤ ਗਾਈਐ ॥ ਸਾਧ ਸੰਗਿ ਮਿਲ ਧਿਆਈਐ ॥**

**(ਅੰਗ 624)**

ਇਹ ਗਲ ਆਮ ਪ੍ਰਚਲਿਤ ਹੈ ਕਿ ਅਗਰ ਕਿਤੇ ਵੀ ਸਰਕਾਰੇ ਦਰਬਾਰੇ ਜਾਣਾ ਹੋਵੇ ਤਾਂ ਆਮ ਕਰਕੇ ਜੱਜ, ਅਹਿਲਕਾਰ ਹਕੂਮਤਾਂ ਦੇ ਦਰਵਾਜੇ ਜਾਂ ਬਹਿਣ ਦੀ ਜਗ੍ਹਾ ਉੱਚੀ ਹੁੰਦੀ ਹੈ। ਪਰ ਇਸ ਰਬ ਦੇ ਘਰ 'ਚ ਪਹੁੰਚਣ ਲਈ ਨੀਵੇਂ ਹੋ ਕੇ ਜਾਣਾ ਪੈਂਦਾ ਹੈ। ਕਿਉਂਕਿ ਇਹ ਰੱਬ ਦਾ ਘਰ ਨੀਵੀਂ ਜਗ੍ਹਾ ਤੇ ਹੀ ਵਸਾਣ ਦੀ ਬਖਸ਼ਿਸ਼ ਹੋਈ ਹੈ, ਇਹ ਵੀ ਇੱਕ ਅਦਭੁਤ ਸੋਚ ਨਹੀਂ ਤਾਂ ਹੋਰ ਅਸੀਂ ਕੀ ਕਹਿ ਸਕਦੇ ਹਾਂ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੱਚੀ ਸੁੱਚੀ ਭਾਵਨਾ ਤੋਂ ਬੇਮੁੱਖ ਹੋਇਆ ਕੋਈ ਵੀ ਸਿੱਖ ਅੰਦਰੋਂ ਖੋਖਲਾ ਤੇ ਬਾਹਰੋਂ ਖਾਲੀ ਹੋ ਜਾਂਦਾ ਹੈ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਸਿੱਖ ਦਾ ਸਭ ਕੁਝ ਹੀ ਹੈ। ਇਹ ਉਸ ਦਾ ਦਿਲ ਵੀ ਤੇ ਦਿਮਾਗ ਵੀ, ਸ਼ਰਮ ਵੀ ਤੇ ਧਰਮ ਵੀ ਤਕਦੀਰ ਤੇ ਤਬੀਰ ਵੀ, ਜਿੰਦ ਤੇ ਜਾਨ ਵੀ ਤੇ ਜਹਾਨ ਵੀ, ਇਮਾਨ ਵੀ ਤੇ ਨਿਸ਼ਾਨ ਵੀ ਤੇ ਸਨਮਾਨ ਵੀ, ਆਸ ਵੀ ਤੇ ਸਵਾਸ ਵੀ, ਆਦਿ ਵੀ ਤੇ ਅੰਤ ਵੀ ਹੈ। ਇਸ ਦਾ ਕਾਰਨ ਇੱਕ ਇਹ ਵੀ ਹੈ ਕਿ –

**ਸ੍ਰੀ ਅੰਮ੍ਰਿਤਸਰ ਹਰਿਮੰਦਰ ਹੋਇ ॥**
**ਜਿਸ ਤੇ ਸੁਖ ਪ੍ਰਾਪਤਿ ਸਭ ਕੋਇ ॥**

**(ਹਵਾਲਾ ਸੂਰਜ ਪ੍ਰਕਾਸ਼ ਪੰਨਾ - 1856)**

ਅਗਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਗੁਰਬਾਣੀ ਪ੍ਰਵਾਹ ਦਾ ਵਿਚਾਰ ਕਰੀਏ ਜਾਂ ਕੀਰਤਨ ਦੀ ਗਲ ਕਰੀਏ ਤਾਂ ਪੰਚਮ ਪਿਤਾ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਸਾਰਾ ਪਰੀਸਰ ਇਸ ਵਿਉਂਤ ਨਾਲ ਹੋਂਦ 'ਚ ਲਿਆਂਦਾ ਕਿ ਕੋਈ

ਵੀ ਸ਼ਰਧਾਵਾਨ ਜਾਂ ਸ਼ਰਧਾਲੂ ਇਸ ਦੀ ਪ੍ਰੀਕਰਮਾਂ ਦੀ ਗੋਦੀ 'ਚ ਬਹਿ ਕੇ ਕਿਤਿਉਂ ਵੀ ਕੀਰਤਨ ਦਾ ਆਨੰਦ ਮਾਣ ਸਕਦਾ ਹੈ। ਪੰਚਮ ਪਿਤਾ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਖੁਦ ਵੀ ਕੀਰਤਨ ਕਰਕੇ ਇਲਾਹੀ ਰੰਗ ਬੰਨ ਦੇਂਦੇ ਸਨ। ਉਨ੍ਹਾਂ ਦੇ ਨਾਲ ਜੋੜੀ ਤੇ ਸੰਗਤ ਭਾਈ ਗੁਰਦਾਸ ਜੀ ਕਰਦੇ ਸਨ ਅਤੇ ਬਾਬਾ ਬੁੱਢਾ ਜੀ ਸਿਤਾਰ ਵਜਾਉਂਦੇ ਸਨ। ਕਿੰਨੀਆਂ ਸੁਭਾਗੀਆਂ ਘੜੀਆਂ ਹੋਣਗੀਆਂ ਉਹ ਅਤੇ ਕਿਤਨੇ ਭਾਗਾਂ ਵਾਲੇ ਹੋਣਗੇ ਉਹ ਮਾਈ ਭਾਈ ਜੋ ਸੰਗਤ ਰੂਪ 'ਚ ਇਨ੍ਹਾਂ ਦੇ ਮੁਖਾਰਬਿੰਦ ਤੋਂ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਦੇ ਹੋਣਗੇ। ਇਹ ਆਪਣੇ ਆਪ ਵਿੱਚ ਹੈਰਾਨੀ ਵਾਲੀ ਗੱਲ ਨਹੀਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿੱਚ ਸਤ ਕੀਰਤਨ ਜਥਿਆਂ ਵਿੱਚੋਂ 6 ਮੁਸਲਮਾਨ ਰਬਾਬੀ ਜੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਂਦੇ ਸਨ। ਤਕਰੀਬਨ ਸੰਨ 1900 ਦੇ ਆਸ-ਪਾਸ 15 ਕੀਰਤਨ ਜੱਥਿਆਂ ਵਿੱਚੋਂ 8 ਜੱਥੇ ਸਿੱਖ ਕੀਰਤਨੀ ਜੱਥਿਆਂ ਦੇ ਸਨ ਜੋ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤੱਕ ਕੀਰਤਨ ਕਰਦੇ ਸਨ ਅਤੇ 7 ਜੱਥੇ ਮੁਸਲਮਾਨ ਰਬਾਬੀਆਂ ਦੇ ਸਨ ਜੋ ਦੁਪਹਿਰ ਤੋਂ ਲੈ ਕੇ ਦੀਵਾਨ ਦੀ ਸਮਾਪਤੀ ਤੱਕ ਇਲਾਹੀ ਬਾਣੀ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿੱਚ ਕੀਰਤਨ ਦੇ ਸਾਜਾਂ ਵਿੱਚ ਦੋਤਾਰਾ, ਚੋਤਾਰਾ, ਸਰੰਦ, ਤਾਊਸ, ਸਿਤਾਰ ਤੇ ਤਬਲਾ ਜੋੜੀ ਦੀ ਪ੍ਰਧਾਨਤਾ ਹੁੰਦੀ ਸੀ ਅਜ ਕੱਲ ਵਰਗਾ ਹਰਮੋਨੀਅਮ ਨਹੀਂ ਸੀ ਪਰ ਹਵਾ ਭਰਕੇ ਹਰਮੋਨੀਅਮ ਵਰਗਾ ਬਜਾਉਣ ਵਾਲਾ ਸਾਜ ਹੈ ਸੀ। ਉਸ ਵਕਤ ਦਰਬਾਰ ਸਾਹਿਬ ਦੇ ਕੀਰਤਨੀਏ ਵੱਡੇ-ਵੱਡੇ ਸਰਦਾਰਾਂ ਜਾਂ ਰਾਜੇ ਮਹਾਰਾਜਿਆਂ ਦੀਆਂ ਹਵੇਲੀਆਂ 'ਚ ਕੀਰਤਨ ਨਹੀਂ ਕਰਦੇ ਸਨ। ਪਰ ਅੱਜ ਇਹ ਅਵਸਥਾ ਪੂਰੀ ਬਦਲ ਗਈ ਹੈ। ਮੈਂ ਆਪਣੀ ਜ਼ਿੰਦਗੀ 'ਚ ਕੋਈ ਗੈਰ ਸਿੱਖ ਜਾਂ ਸਹਿਜਧਾਰੀ ਦਰਬਾਰ ਸਾਹਿਬ 'ਚ ਕੀਰਤਨ ਕਰਦਾ ਨਹੀਂ ਸੁਣਿਆ ਤੇ ਦੇਖਿਆ ਹੁਣ ਇਹ ਮਰਿਆਦਾ ਕਾਫੀ ਬਦਲ ਗਈ ਹੈ ਅੰਮ੍ਰਿਤਪਾਨ ਜਿਸ ਨੇ ਕੀਤਾ ਹੈ ਉਹ ਹੀ ਇਥੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਦਾ ਹੈ। ਹੁਣ 5 ਤੰਤੀ ਸਾਜਾਂ ਵਾਲਿਆਂ ਜੱਥਿਆਂ ਸਮੇਤ ਕੁਲ 22 ਕੀਰਤਨੀ ਜੱਥੇ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ। ਇਨ੍ਹਾਂ ਵਿੱਚੋਂ 12 ਜੱਥੇ 15 ਚੌਂਕੀਆਂ ਵਿੱਚ ਰੋਜ ਕੀਰਤਨ ਕਰਦੇ ਹਨ। ਅੱਜ ਕੱਲ ਗਰਮੀਆਂ ਵਿੱਚ 21 ਘੰਟੇ ਤੇ ਸਰਦੀਆਂ ਵਿੱਚ 19 ਘੰਟੇ ਨਿਰੰਤਰ ਕੀਰਤਨ ਹੁੰਦਾ ਹੈ। ਜਿਥੇ ਹਰਿਮੰਦਰ ਸਾਹਿਬ (ਰਾਮ ਦਾਸ ਸਰੋਵਰ) ਵਿੱਚ ਇਸ਼ਨਾਨ ਕਰਨ ਨਾਲ ਜੱਗਿਆਸੂ ਦੇ ਤਨ ਦੀ ਮੈਲ ਲਹਿੰਦੀ ਹੈ ਉਥੇ ਸ੍ਰੀ ਹਰਿਮੰਦਰ ਸਾਹਿਬ ਦਾ ਕੀਰਤਨ ਉਸ ਦੇ ਮਨ ਦੀ ਮੈਲ ਲਾਹ ਦੇਂਦਾ ਹੈ। ਇਸ ਪਰਥਾਏ ਫਰਮਾਨ ਹੈ -

**ਸੰਤਹੁ ਰਾਮ ਦਾਸ ਸਰੋਵਰੁ ਨੀਕਾ॥**
**ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥(ਰਹਾਉ)॥**
**ਜੈ ਜੈਕਾਰ ਜਗੁ ਗਾਵੈ॥ ਮਨ ਚਿੰਦਿਅੜੇ ਫਲ ਪਾਵੈ॥**
**ਸਹੀ ਸਲਾਮਤਿ ਨਾਇ ਆਏ॥ ਆਪਣਾ ਪ੍ਰਭੂ ਧਿਆਏ (ਅੰਗ 623)**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸਤਾ ਤੇ ਬਲਵੰਡ ਜੀ ਰਬਾਬੀ ਵੀ ਰਸ ਭਿੰਨਾ ਕੀਰਤਨ ਕਰਦੇ ਰਹੇ। ਮਹਾਰਾਜਾ ਰਣਜੀਤ ਸਿੰਘ ਜਦ ਖੁਦ ਨਿਮਰਤਾ ਨਾਲ ਚਲ ਕੇ ਆ ਕੇ ਕੀਰਤਨ ਸਰਵਣ ਕਰਦਾ ਹੁੰਦਾ ਸੀ ਉਸ ਦੇ ਨੇਤਰ ਇਲਾਹੀ ਬਾਣੀ ਸਰਵਣ ਕਰਕੇ ਨਮ੍ਹ ਹੋ ਜਾਂਦੇ ਸਨ। ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਕਾਲ ਵਿੱਚ ਹਰਿਮੰਦਰ ਸਾਹਿਬ ਵਿਖੇ ਰਬਾਬੀਆਂ ਵੱਲੋਂ ਗੁਰਬਾਣੀ ਗਾਈ ਜਾਂਦੀ ਅਤੇ ਅਕਾਲ ਤਖਤ ਸਾਹਿਬ ਤੇ ਢਾਡੀਆਂ ਵੱਲੋਂ ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ। ਹਾਲਾਤ ਭਾਵੇਂ ਕੁਝ ਵੀ ਕਿਉਂ ਨਾ ਹੋਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਭੂ ਉਪਾਸਨਾ ਤੋਂ ਇਲਾਵਾ ਇੱਕ ਅੱਖਰ ਵੀ ਵੱਧ ਨਹੀਂ ਬੋਲਿਆ ਜਾਂਦਾ, ਨਾ ਕੋਈ ਭਾਸ਼ਣ ਨਾ ਕੋਈ ਵਿਆਖਿਆ ਨਾ ਕੋਈ ਸੁਝਾਅ ਅਤੇ ਇਥੋਂ ਤੱਕ ਕਿ ਖਾਲਸਾਈ ਜੈਕਾਰਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਵੀ ਨਹੀਂ ਗਜਾਇਆ ਜਾ ਸਕਦਾ ਕਿਉਂਕਿ ਆਮ ਕਰਕੇ ਇਹ ਜੰਗੀ ਜੈਕਾਰਾ ਹੈ ਜੋ ਜੋਸ਼ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਹਰਿਮੰਦਰ ਸਾਹਿਬ ਵਿੱਚ ਨਿਰੰਤਰ ਗੁਰਬਾਣੀ ਪ੍ਰਵਾਹ ਚਲਣ ਕਾਰਨ ਉਥੇ ਸਹਿਜਤਾ, ਸੁਹਜਤਾ, ਹਲੀਮੀ, ਦਿਆ, ਨਿਮਰਤਾ ਪ੍ਰਧਾਨ ਹਨ। ਇਹ ਪ੍ਰਮ ਪਵਿੱਤਰ ਅਸਥਾਨ ਭਗਤੀ ਦਾ ਅਸਥਾਨ ਹੈ।

ਜਦ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1803 ਈਸਵੀ ਵਿੱਚ ਅੰਮ੍ਰਿਤਸਰ ਨੂੰ ਭੰਗੀ ਮਿਸਾਲ ਤੋਂ ਲੈ ਕੇ ਸਰਕਾਰੇ-ਏ-ਖਾਲਸਾ ਦਾ ਹਿੱਸਾ ਬਣਾਇਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੰਮ੍ਰਿਤਸਰ ਦੀ ਧਰਤੀ ਨੂੰ ਪ੍ਰਣਾਮ ਕੀਤਾ ਅਤੇ ਨੰਗੇ ਪੈਰੀ ਪੈਦਲ ਚਲ ਕੇ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਲਈ ਚਲ ਕੇ ਗਿਆ ਅਤੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਸੰਨ 1838 ਈਸਵੀ ਵਿੱਚ ਜਦ ਉਸ ਦੀ ਸਿਹਤ ਖਰਾਬ ਰਹਿਣ ਲਗ ਪਈ ਸੀ ਤਾਂ ਉਸ ਨੇ ਵੱਧ ਤੋਂ ਵੱਧ ਫੇਰੀਆਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਪਾਈਆਂ। ਇਸ ਤੋਂ ਪਹਿਲਾਂ 1835 ਈਸਵੀ ਵਿੱਚ ਉਸਨੇ ਇਕੋ ਵਾਰੀ 100 ਬੇਹੱਦ ਕੀਮਤੀ ਰੁਮਾਲੇ ਤੇ 2500 ਮੋਹਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਕਦ ਭੇਟ ਕਰਕੇ ਅਤੇ 511 ਅਸ਼ਰਫਰੀਆਂ ਦਾ ਮੱਥਾ ਟੇਕਿਆ। ਕੁਝ ਇਤਿਹਾਸਕਾਰਾਂ ਅਨੁਸਾਰ ਉਹ ਅਪਣਾ ਕੀਮਤੀ ਕੋਹਿਨੂਰ ਹੀਰਾ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਭੇਂਟ ਕਰਨ ਦਾ ਮਨ ਰੱਖਦਾ ਸੀ। ਮਹਾਰਾਜਾ ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੁੰਦਰਤਾ ਨੂੰ ਸਰਵ-ਸ੍ਰੇਸ਼ਟ ਬਣਾਉਣ ਲਈ ਨਵੀਆਂ ਸੋਚਾਂ ਵਿੱਚ ਰਹਿੰਦਾ ਸੀ। ਆਪਣੀ ਇਸ ਸ਼ਰਧਾ ਪੂਰਨ ਮਨਸ਼ਾਂ ਨੂੰ ਪੂਰਾ ਕਰਨ ਲਈ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਉਤਲੇ ਅਧ ਨੂੰ ਸੋਨੇ ਦੇ ਪੱਤਰਿਆਂ ਨਾਲ ਸਜਾ ਦੇਣ ਦੀ ਵਿਉਂਤ ਬਣਾਈ। ਸੋਨਾ ਚਾੜ੍ਹਨ ਦੇ ਕਾਰਜ ਲਈ ਭਾਈ ਸੰਤ ਸਿੰਘ ਗਿਆਨੀ ਨੂੰ 1803 ਈ: ਵਿੱਚ ਨਿਗਰਾਨ ਥਾਪਿਆ ਜਿਸ ਨੇ ਇਸ ਕਾਰਜ ਨੂੰ ਸੁਹਜਤਾ ਅਤੇ ਸੁੱਚਜਤਾ ਪੂਰਵਕ ਨੇਪਰੇ ਚਾੜ੍ਹਨ ਲਈ ਮੁਹੰਮਦ ਯਾਰ ਖਾਨ ਮਿਸਤਰੀ ਨੂੰ ਨਿਯੁਕਤ ਕੀਤਾ ਤੇ ਉਸ ਦੀ ਸਹਾਇਤਾ ਵਾਸਤੇ ਉਚ ਕੋਟੀ ਤੋਂ ਉਚ ਕੋਟੀ ਦੇ ਕਾਰੀਗਰ ਲੱਭੇ। ਸੋਨੇ ਦੇ ਵਰਕਾਂ ਦੀਆਂ ਸਤ ਪਰਤਾਂ, ਤਾਂਬੇ ਦੀਆਂ ਪਲੇਟਾਂ ਤੇ ਚੜ੍ਹਾ ਕੇ ਇਸ ਦਰਬਾਰ ਸਾਹਿਬ ਨੂੰ ਸਵਰਨ ਮੰਦਰ ਬਣਾ ਦਿੱਤਾ ਗਿਆ। ਇਹ ਸਾਰਾ ਕਾਰਜ 27 ਸਾਲਾਂ 'ਚ ਜਾਨੀ 1887 ਬ੍ਰਿਕਰਮੀ 1830 ਈ: 'ਚ ਪੂਰਾ ਹੋਇਆ ਤੇ ਇਸ ਕਾਰਜ ਉੱਤੇ 162 ਸੇਰ ਸ਼ੁਧ ਸੋਨਾ ਖਪਤ ਹੋਇਆ। ਇਸ ਸੇਵਾ ਪ੍ਰਤੀ ਇੱਕ ਪਲੇਟ ਦਰਬਾਰ ਸਾਹਿਬ ਜੀ ਦੇ ਪ੍ਰਵੇਸ਼ ਦਵਾਰ ਉੱਪਰ ਲੱਗੀ ਹੈ ਜਿਸ ਵਿੱਚ ਬੜੇ ਨਿਮਰ ਤੇ ਹਲੀਮੀ ਭਰੇ ਸ਼ਬਦਾਂ ਵਿੱਚ ਰੱਬ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਇਹ ਲਿਖਿਆ ਹੈ ਕਿ ਸਤਿਗੁਰਾਂ ਨੇ ਰਣਜੀਤ ਸਿੰਘ ਨੂੰ ਆਪਣਾ ਸਿੱਖ ਸੇਵਕ ਜਾਣ ਕੇ ਇਹ ਸੇਵਾ ਮਿਹਰ ਕਰਕੇ ਉਸ ਤੋਂ ਲਈ ਹੈ।

ਅੱਜ ਤੋਂ ਕੋਈ 20 ਸਾਲ ਪਹਿਲਾਂ 3 ਫਰਵਰੀ 1995 ਈਸਵੀ ਨੂੰ ਵਿਸ਼ਵ ਭਰ ਦੀਆਂ ਸੰਗਤਾਂ ਨੇ ਤਕਰੀਬਨ ਸਤ ਕਵਿੰਟਲ (ਇਹ ਸਹੀ ਖਪਤ

ਨਹੀਂ ਅਨੁਮਾਨ ਹੈ) ਸੋਨਾ ਲਗਾ ਕੇ ਸੋਨੇ ਦੇ ਨਵੇਂ ਪੱਤਰੇ ਸ੍ਰੀ ਹਰਿਮੰਦਰ ਸਾਹਿਬ ਤੇ ਲਗਾਏ ਹਨ। ਇਹ ਸੇਵਾ ਕਾਰਜ, 1999 'ਚ ਵਿਸਾਖੀ ਤੋਂ ਪਹਿਲਾਂ ਹੀ ਸੰਪੰਨ ਹੋ ਗਿਆ ਅਤੇ ਕਾਰਜ ਦੇ ਨਿਰਵਿਘਨ ਰੂਪ ਵਿੱਚ ਨੇਪਰੇ ਚੜ੍ਹਨ ਕਾਰਨ ਸੰਗਤਾਂ ਵੱਲੋਂ ਸ਼ੁਕਰਾਨੇ ਦਾ ਅਖੰਡ ਪਾਠ ਵੀ ਕਰਵਾਇਆ ਗਿਆ। ਇੱਕ ਅਨੁਮਾਨ ਅਨੁਸਾਰ ਸੋਨੇ ਦੀਆਂ ਇਨ੍ਹਾਂ 24 ਕੈਰਟ ਪਲੇਟਾਂ ਦੀ ਚਮਕ ਦਮਕ ਤੇ ਆਭਾ ਅਗਲੇ ਚਾਰ ਸੌ ਸਾਲ ਤੱਕ ਬਣੀ ਰਹੇਗੀ।

ਸਿੱਖ ਰਾਜ ਦੇ ਖਾਤਮੇ ਮਗਰੋਂ ਹਰਿਮੰਦਰ ਸਾਹਿਬ ਦਾ ਸਾਰਾ ਪ੍ਰਬੰਧ ਅੰਗਰੇਜ ਹਕੂਮਤ ਅਧੀਨ ਆ ਗਿਆ ਸੀ। ਇਸ ਦੇ ਸਾਰੇ ਪ੍ਰਬੰਧ ਉਸ ਸਮੇਂ ਦੀ ਮੌਜੂਦਾ ਹੁਕਮਤ ਦੇ ਇਸ਼ਾਰਿਆਂ ਤੇ ਹੁੰਦੇ ਸਨ। ਜਿਸ ਤੋਂ ਸਿੱਖ ਸੰਗਤ ਕਾਫੀ ਦੁੱਖੀ ਸੀ। ਸੰਨ 1920 ਵਿੱਚ ਜਿਥੇ ਮਹਾਰਾਜਾ ਪਟਿਆਲਾ ਸਰਦਾਰ ਭੁਪਿੰਦਰ ਸਿੰਘ ਜੀ ਦੇ ਸਹਿਯੋਗ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਾਇਆ ਉਥੇ ਉਨ੍ਹਾਂ ਆਪਣੇ ਅਸਰ ਰਸੂਖ ਨਾਲ ਹਰਮਿੰਦਰ ਸਾਹਿਬ ਨੂੰ ਵੀ ਸਿੱਖ ਕੌਮ (ਸਿੱਖ ਪੰਥ) ਦੇ ਹਵਾਲੇ ਕਰਾਇਆ। ਇਹ ਉਨ੍ਹਾਂ ਦਾ ਸਿੱਖ ਕੌਮ ਵਾਸਤੇ ਬਹੁਤ ਵੱਡਾ ਯੋਗਦਾਨ ਸੀ। ਨਵੰਬਰ 12 ਸੰਨ 1920 ਨੂੰ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਦਰਸ਼ਨੀ ਡਿਊੜੀ ਤੇ ਅਕਾਲ ਤਖਤ ਦੇ ਸਾਹਮਣੇ ਕਰੀਬਨ 20 ਹਜ਼ਾਰ ਸਿੱਖਾਂ ਦੇ ਇਕੱਠ ਨੂੰ ਸੰਬੋਧਨ ਕਰਕੇ ਪਹਿਲੀ 36 ਮੈਂਬਰੀ ਸਿੱਖ ਕਮੇਟੀ ਗੁਰਧਾਮਾਂ ਦੇ ਪ੍ਰਬੰਧ ਲਈ ਕਾਇਮ ਕੀਤੀ ਅਤੇ ਬਾਅਦ 'ਚ ਪੰਥ ਨੇ 139 ਹੋਰ ਸਿਦਕੀ ਤੇ ਪਤਵੰਤੇ ਸੱਜਣ ਚੁਣ ਕੇ ਇਸ ਨਾਲ ਸ਼ਾਮਿਲ ਕਰ ਦਿੱਤੇ। ਇਸ ਤਰ੍ਹਾਂ ਇਨ੍ਹਾਂ ਮੈਂਬਰਾਂ ਦੀ ਗਿਣਤੀ 175 ਹੋ ਗਈ ਜਿਸ ਨੂੰ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਨਾਂ ਦਿੱਤਾ ਗਿਆ। ਜਿਥੇ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਨੂੰ ਸਵਰਣ ਮੰਦਰ ਬਣਾ ਕੇ ਇਸ ਨੂੰ ਇਕ ਨਵਾਂ ਰੂਪ ਬਖਸ਼ਿਆ, ਉਥੇ 20ਵੀਂ ਸਦੀ ਦੇ ਅੱਧ ਵਿੱਚ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਦਰਬਾਰ ਸਾਹਿਬ ਨੂੰ ਮਹੰਤਾਂ, ਸਰਬਰਾਹਾਂ, ਲਾਲਚੀਆਂ, ਦੰਭੀਆਂ ਤੇ ਮੌਕਾਪ੍ਰਸਤਾਂ ਦੇ ਹੱਥਾਂ ਤੋਂ ਆਜ਼ਾਦ ਕਰਵਾ ਕੇ ਇਸ ਦੀ ਸਰਬ ਪੱਖੀ ਮਹੱਤਤਾ ਵਿੱਚ ਸੁੰਦਰ ਨਿਖਾਰ ਲਿਆਂਦਾ। ਇਸ ਤਰ੍ਹਾਂ ਜਿੰਨੇ ਵੀ ਇਥੇ ਰਾਜੇ ਮਹਾਰਾਜੇ ਸ਼ਰਧਾਲੂ ਬਣ ਆਏ ਕੇ ਉਨ੍ਹਾਂ ਨੇ ਹਰਿਮੰਦਰ ਸਾਹਿਬ ਜੀ ਦੀ ਸ਼ੋਭਾ ਵਧਾਉਣ ਲਈ ਕੋਈ ਕਸਰ ਨਹੀਂ ਛੱਡੀ। ਇਹ ਸੇਵਾ ਉਸ ਅਕਾਲ ਪੁਰਖ ਵਾਹਿਗੁਰੂ ਨੇ ਆਪ ਹੀ ਲਈ। 1923 ਵਿਚ ਪਵਿੱਤਰ ਸਰੋਵਰ ਦੀ ਕਾਰ ਸੇਵਾ ਚੱਲ ਰਹੀ ਸੀ ਤਾਂ ਮਲੇਰਕੋਟਲੇ ਦੇ ਨਵਾਬ ਦੇ ਨਾਲ 200 ਮੁਸਲਿਮ ਸ਼ਰਧਾਲੂਆਂ ਨੇ ਟੋਕਰਿਆਂ ਨਾਲ ਪਵਿੱਤਰ ਗਾਰ ਕੱਢਣ ਦੀ ਸੇਵਾ ਵਿਚ ਹਿੱਸਾ ਪਾਇਆ।

**ਹਰਿ ਮੰਦਰੁ ਜੀਉ ਸਾਜਿਆ ਮੇਰੇ ਲਾਲ ਜੀਉ ॥**
**ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ (ਅੰਗ 542)**

ਇਸੇ ਤਰ੍ਹਾਂ ਦੁਨੀਆਂ ਦੀਆਂ ਕਈ ਨਾਮਵਰ ਹਸਤੀਆਂ ਅਤੇ ਭਾਰਤ ਦੇ ਕਈ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਹੋਰ ਕਈ ਨਾਮੀ ਗਰਾਮੀ ਸੱਜਣ ਵੱਖ-ਵੱਖ ਸਮਿਆਂ 'ਚ ਇਥੇ ਆਪਣੀ ਹਾਜ਼ਰੀ ਲਗਵਾ ਚੁੱਕੇ ਹਨ। ਆਪਣੀਆਂ ਮਨ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਅਰਦਾਸ ਕਰਨ ਖਾਤਰ ਦਰਬਾਰ ਸਾਹਿਬ ਆਉਂਦੇ ਰਹਿੰਦੇ ਹਨ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਐਚ.ਡੀ. ਦੇਵਗੋੜਾ ਜੀ ਨੇ 1996 ਵਿੱਚ, ਪੰਜਾਬ ਦੇ ਜੰਮਪਲ ਸ੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਜੀ 1997 ਅਤੇ ਇਸ ਤਰ੍ਹਾਂ ਹੀ ਭਾਰਤ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਬਣੇ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ, 1951 ਵਿੱਚ ਬਾਵਾ ਸਾਹਿਬ ਭੀਮ ਰਾਓ ਅੰਬੇਡਕਰ ਜਦੋਂ ਪਹਿਲੇ ਕਾਨੂੰਨ ਮੰਤਰੀ ਬਣੇ ਤਾਂ ਉਹ ਵੀ ਆਏ। ਇਨ੍ਹਾਂ ਤਿੰਨ ਪ੍ਰਧਾਨ ਮੰਤਰੀਆਂ ਤੋਂ ਇਲਾਵਾ ਇਸ ਤੋਂ ਪਹਿਲਾਂ ਜਿੰਨ੍ਹਾਂ ਵਿੱਚੋਂ ਪੰਡਿਤ ਸ੍ਰੀ ਜਵਾਹਰ ਲਾਲ ਜੀ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ, ਵੀ.ਪੀ. ਸਿੰਘ ਦਾ ਨਾਂ ਖਾਸ ਜ਼ਿਕਰਯੋਗ ਹੈ। ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ, ਗਿਆਨੀ ਜੈਲ ਸਿੰਘ ਜੀ ਅਤੇ ਸਵਰਗੀ ਏ.ਪੀ. ਜੇ ਅਬਦੁਲ ਕਲਾਮ ਜੀ ਵੀ ਇਥੇ ਆਪਣੀ ਸ਼ਰਧਾ ਪ੍ਰਗਟ ਕਰਨ ਆਏ ਸਨ। ਭਾਰਤ ਦੇ ਰਾਸ਼ਟਰਪਤੀ ਕਲਾਮ ਸਾਹਿਬ ਅਤੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ 2004 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ 400 ਸੌ ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਸੀ ਤਾਂ ਉਹ ਵਿਸ਼ੇਸ਼ ਤੌਰ 'ਤੇ ਆਏ। ਇਸੇ ਤਰ੍ਹਾਂ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਜੀਨ ਕਰੀਚੀਅਨ ਤੇ ਸਟੀਫਨ ਹਾਰਪਾਰ, ਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਸ੍ਰੀ ਡੈਵਿਡ ਕੈਮਰੂਨ ਤੇ ਮਿਸਰ ਦੇ ਕਰਨਲ ਨਾਸਰ ਤੇ ਉਨ੍ਹਾਂ ਦੇ ਸਾਥੀ ਜਨਰਲ ਨਜੀਬ ਵੀ ਇਹ ਸਾਰੀਆਂ ਮਹਾਨ ਸਖਸ਼ੀਅਤਾਂ ਵੱਖ-ਵੱਖ ਸਮਿਆਂ ਤੇ ਇਸ ਅਸਥਾਨ ਦੇ ਦਰਸ਼ਨ ਕਰ ਚੁੱਕੀਆਂ ਹਨ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਉੱਪਰ ਵੱਖ-ਵੱਖ ਸਮਿਆਂ ਤੇ ਹੋਏ ਹਮਲਿਆਂ ਦਾ ਵੱਖਰਾ ਇਤਿਹਾਸ ਹੈ। ਸੰਨ 1762 ਈਸਵੀ ਨੂੰ ਅਹਿਮਦ ਸ਼ਾਹ ਅਬਦਾਲੀ ਤਕਰੀਬਨ 35 ਹਜ਼ਾਰ ਸਿੰਘਾਂ ਨੂੰ ਕੁਪ ਰਹੀੜੇ ਵਿਖੇ ਕਤਲ ਕਰਵਾ ਕੇ ਅੰਮ੍ਰਿਤਸਰ ਪਹੁੰਚਿਆ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਘੋਰ ਅਪਮਾਨ ਕੀਤਾ। ਸਿੰਘਾਂ ਦੇ ਮਨ ਵਲੂੰਦਰੇ ਗਏ। ਸਰੋਵਰ ਤੇ ਹਰਿਮੰਦਰ ਸਾਹਿਬ ਨੂੰ ਸੁਰਜੀਤ ਕਰਨ ਲਈ ਦੂਜੀ ਵਾਰੀ ਜੱਸਾ ਸਿੰਘ ਆਹਲੂਵਾਲੀਆ ਨੇ 60 ਹਜ਼ਾਰ ਸਿੰਘਾਂ ਦਾ ਇਕੱਠ ਕਰਕੇ 17 ਅਕਤੂਬਰ 1764 ਈਸਵੀ ਦੇ ਨੇੜੇ ਹਰਿਮੰਦਰ ਸਾਹਿਬ ਜੀ ਦੀ ਮੁੜ ਸਥਾਪਨਾ ਕੀਤੀ।

ਹਰਿਮੰਦਰ ਸਾਹਿਬ ਵਿਖੇ ਜਦੋਂ ਪਹਿਲਾ ਪ੍ਰਕਾਸ਼ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਕੀਤਾ ਗਿਆ, ਸੰਨ 1604 ਈ: ਤੋਂ ਲੈ ਕੇ ਸੰਨ 1634 ਈ: ਤੱਕ ਜਿਨ੍ਹਾਂ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਖੁਦ ਕੀਤੀ ਉਹ ਤਕਰੀਬਨ 30 ਸਾਲ ਇਥੇ ਸੁਭਾਏ ਮਾਨ ਰਹੇ। ਇਸੇ ਸਰੂਪ ਦੀ ਜਿਲਦਬੰਦੀ ਲਈ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਗਿਆ। ਭਾਈ ਸਾਹਿਬ ਦੇ ਮਨ 'ਚ ਪਤਾ ਨਹੀਂ ਕੀ ਆਇਆ ਉਨ੍ਹਾਂ ਨੇ ਜਿਲਦ ਤਿਆਰ ਕਰਵਾਂਦਿਆਂ-ਕਰਵਾਂਦਿਆਂ ਉਸ ਪ੍ਰਮੇਸ਼ਰ ਰੂਪੀ ਪੋਥੀ ਦਾ ਉਤਾਰ ਕਰ ਲਿਆ ਤੇ ਆਪਣੀ ਮਰਜ਼ੀ ਨਾਲ ਉਸ ਵਿੱਚ 6 ਸ਼ਬਦਾਂ ਦਾ ਵਾਧਾ ਕਰ ਦਿੱਤਾ। ਗੁਰੂ ਸਾਹਿਬ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਬੀੜ ਨੂੰ ਖਾਰੀ ਬੀੜ ਦਾ ਦਰਜਾ ਦਿੱਤਾ ਜਿਹੜੀ ਅੱਜ ਤੱਕ ਭਾਈ ਬੰਨੋ ਦੀ ਸੰਤਾਨ ਪਾਸ ਮੌਜੂਦ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਤਕਰੀਬਨ 70 ਸਾਲ ਦੇ ਬੁਰੇ ਹਾਲਾਤਾਂ ਕਾਰਨ ਪ੍ਰਥਮ ਬੀੜ ਤੋਂ ਸੱਖਣਾ ਸੰਗਤਾਂ ਨੂੰ ਰਹਿਣਾ ਪਿਆ। ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ਹੱਥ ਲਿਖਤ ਦਮਦਮੀ ਬੀੜ ਦਾ ਪ੍ਰਕਾਸ਼ 1705 ਈ: ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਅਤੇ 30 ਸਾਲਾਂ ਦੇ ਅਰਸੇ ਮਗਰੋਂ ਉਸ ਬੀੜ ਨੂੰ ਵੀ ਮਜਬੂਰਨ ਸੰਗਤ ਛਡਣੀ ਪਈ। ਸਹੀ ਅਰਥਾਂ ਵਿੱਚ ਸੰਨ 1784 ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਮੁੜ ਨਿਰਮਾਣ ਪਿੱਛੋਂ ਪੂਰੀ ਬਕਾਇਦਗੀ ਨਾਲ ਦਰਬਾਰ ਸਾਹਿਬ

ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਲੱਗ ਪਿਆ ਜੋ ਨਿਰਵਿਘਨ ਦੋ ਸੌ ਸਾਲ ਤੱਕ ਚਲਦਾ ਰਿਹਾ। ਸੰਨ 1984 ਵਿੱਚ ਬਲੂਅ ਸਟਾਰ (ਸਾਕਾ ਨੀਲਾ ਤਾਰਾ) ਆਪ੍ਰੇਸ਼ਨ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ ਜਿਨ੍ਹਾਂ 'ਚ ਰਾਗ ਵਾਲੇ ਸ਼ਬਦ ਪੱਤਰੇ ਸ਼ਹੀਦ ਹੋ ਗਏ ਜਿਨ੍ਹਾਂ 'ਚ ਰਾਗ ਸਿਰੀ, ਰਾਗ ਮਾਝ ਤੇ ਰਾਗ ਗਉੜੀ ਦਾ ਨਾਂ ਜ਼ਿਕਰਯੋਗ ਹੈ। ਸ਼ਹੀਦ ਹੋਈ ਬੀੜ ਨੂੰ ਸੁਰਖਿਅਤ ਕਰਨ ਦੇ ਨਾਲ-ਨਾਲ ਹਰਿਮੰਦਰ ਸਾਹਿਬ ਵਿੱਚ ਬਿਰਾਜਮਾਨ ਤਿੰਨ ਹੋਰ ਹੱਥ ਲਿਖਤ ਸਰੂਪਾਂ ਦੀ ਸੇਵਾ ਲੈਣੀ ਆਰੰਭ ਕਰ ਦਿੱਤੀ ਗਈ ਜਿਨ੍ਹਾਂ ਚੋਂ ਬਾਬਾ ਦੀਪ ਸਿੰਘ ਜੀ ਦੀ ਹੱਥ ਲਿਖਤ ਸੁਨਹਿਰੀ ਜਿਲਦ ਵਾਲੀ ਬੀੜ ਨੂੰ ਸੁਨਹਿਰੀ ਬੀੜ ਆਖਿਆ ਜਾਂਦਾ ਹੈ ਅਤੇ ਇਸ ਦੇ 1482 ਅੰਗ ਹਨ। ਇਸ ਦਾ ਪਾਠ ਆਮ ਆਦਮੀ ਨਹੀਂ ਕਰ ਸਕਦਾ। ਜਿਸ ਨੂੰ ਬਾਣੀ ਪੂਰੀ ਤਰ੍ਹਾਂ ਕੰਠ ਹੋਵੇ ਉਹ ਹੀ ਸ਼ੁਧ ਪਾਠ ਕਰ ਸਕਦਾ ਹੈ। ਇੱਕ ਹੋਰ ਬੀੜ ਜਿਸ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਜਾਂਦਾ ਹੈ ਉਸ ਦੇ 1502 ਅੰਗ ਹਨ। ਦੂਜੇ ਸਰੂਪ ਦੇ ਕੁਲ 1692 ਅੰਗ ਹਨ। ਇਹ ਸਰੂਪ ਆਮ ਸਰੂਪਾਂ ਨਾਲੋਂ ਕਾਫੀ ਵੱਡਾ ਹੈ।



ਉਕਤ ਸਰੂਪਾਂ ਵਿੱਚੋਂ ਜਿਸ ਤੋਂ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁਕਮਨਾਮਾ ਲਿਆ ਜਾਵੇ, ਉਸ ਦੀਆਂ ਪ੍ਰਾਰੰਭਕ ਪੰਗਤੀਆਂ ਜਦ ਬੋਰਡ ਤੇ ਸੰਗਤਾਂ ਦੇ ਗਿਆਨ ਹਿੱਤ ਲਿਖੀਆਂ ਜਾਂਦੀਆਂ ਹਨ ਤਾਂ ਆਏ ਹਕਮਨਾਮੇ ਨੂੰ 1430 ਅੰਗਾਂ ਵਾਲੀ ਪਦਛੇਦ ਵਾਲੀ ਬੀੜ ਵਿੱਚੋਂ ਦੇਖ ਕੇ ਹੀ ਉਸ ਦੇ ਅੰਗ ਨੂੰ ਅੰਕਿਤ ਕੀਤਾ ਜਾਂਦਾ ਹੈ। ਸੰਸਾਰ ਭਰ ਵਿੱਚ ਆਮ ਕਰਕੇ ਸਭ ਗੁਰੂ ਘਰਾਂ ਵਿੱਚ 1430 ਅੰਗਾਂ ਵਾਲੇ ਪਦਛੇਦ ਸਰੂਪ ਦਾ ਹੀ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਇਵੇਂ ਇਕੋ ਮਰਿਆਦਾ ਦਾ ਹੀ ਪਾਲਣ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਇਹ ਮਰਿਆਦਾ ਜਰਾ ਹੱਟਵੀਂ ਤੇ ਆਲੌਕਿਕ ਹੈ ਅਤੇ ਸਦੀਆਂ ਤੋਂ ਚਲਦੀ ਆਉਣ ਕਾਰਨ ਲੋਕਪ੍ਰਿਅ ਹੈ ਅਤੇ ਸਰਬ ਪ੍ਰਵਾਨਿਤ ਵੀ।


**ਗੁਰੂ ਗੁਰੂ ਗੁਰੂ ਕਰਿ ਮਨ ਮੋਰ॥**
**ਗੁਰੂ ਬਿਨਾ ਮੈ ਨਾਹੀ ਹੋਰ॥ (ਅੰਗ 864)**

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬਣਤਰ ਅਤੇ ਦਿਖ ਆਮ ਮੰਦਰਾਂ ਅਤੇ ਹੋਰ ਧਾਰਮਿਕ ਅਸਥਾਨਾਂ ਜੋ ਦੁਨੀਆਂ ਭਰ 'ਚ ਮੌਜੂਦ ਹਨ ਤੋਂ ਨਿਆਰੀ ਹੈ। ਜੇ ਮੀਰੀ ਦਾ ਪ੍ਰਤੀਕ ਅਕਾਲ ਤਖ਼ਤ ਸਾਹਿਬ ਉਚੇ ਅਸਥਾਨ ਤੇ ਸਥਿਤ ਹੈ ਤਾਂ ਪੀਰੀ, ਹਲੀਮੀ ਤੇ ਨਿਮਰਤਾ ਦਾ ਪ੍ਰਤੀਕ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨੀਵੀਂ ਥਾਂ ਤੇ ਸੁਸ਼ੋਭਿਤ ਹੈ। ਅਗਰ ਜੇ ਅਕਾਲ ਤਖ਼ਤ ਸ਼ਕਤੀ ਪ੍ਰਚੰਡ ਕਰਦਾ ਹੈ ਤਾਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਲੱਗੀ ਇੱਕ ਇੱਕ ਇੱਟ, ਗ੍ਰੰਥ ਸਾਹਿਬ ਜੀ ਦਾ ਇਕ-ਇਕ ਪੱਤਰਾ ਗੁਰਬਾਣੀ ਦੇ ਅਰਥਾਂ ਅਨੁਸਾਰ ਭਗਤੀ ਦੀ ਤਰਜਮਾਨੀ ਕਰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਦੇ ਖੁਲੇ-ਪਨ ਦਾ ਇੱਕ ਪ੍ਰਤਾਪੀ ਗੁਣ ਇਹ ਵੀ ਹੈ ਕਿ ਇਸ ਦੇ ਚਾਰੇ ਪਾਸੇ ਲੱਗੇ ਦਰਵਾਜਿਆਂ ਦੇ ਬਾਹਰ ਜਿੰਦੇ ਤੇ ਕੁੰਡੇ ਲਾਉਣ ਦਾ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਸੋ ਇਸ ਕਰਕੇ ਇਹ ਦਰਬਾਰ ਬੰਦ ਹੀ ਨਹੀਂ ਹੋ ਸਕਦਾ। ਇਸ ਦੇ ਚਾਰ ਦਰਵਾਜੇ ਵੀ ਇਸ ਮੰਤਵ ਦੀ ਗਵਾਹੀ ਭਰਦੇ ਹਨ ਕਿ ਚੌਂਹ ਕੂਟਾਂ ਤੋਂ ਕਦੇ ਵੀ ਕੋਈ ਵੀ ਸ਼ਰਧਾਵਾਨ ਬਿਨ੍ਹਾਂ ਭਿੰਨ ਭੇਦ, ਜਾਤ-ਪਾਤ, ਊਚ-ਨੀਚ ਬਿਨਾਂ ਰੋਕ ਟੋਕ ਦੇ ਇਥੇ ਆ ਕੇ ਦਰਸ਼ਨ ਦੀਦਾਰੇ ਕਰ ਸਕਦਾ ਹੈ। ਇਹ ਵੀ ਇਸ ਦੀ ਇੱਕ ਗੋਰਵਮਈ ਵਿਲੱਖਣਤਾ ਹੈ। ਅਗਰ ਹਰਿਮੰਦਰ ਸਾਹਿਬ ਜੀ ਨੂੰ ਮੰਨਣ ਵਾਲੇ ਸਿੱਖ ਜਾਂ ਹੋਰ ਸ਼ਰਧਾਵਾਨ ਸੇਵਕਾਂ ਦੀ ਪ੍ਰੀਤ ਦੀ ਗਲ ਕਰੀਏ ਤਾਂ ਮੇਰੇ ਕੋਲ ਉਹ ਸ਼ਬਦ ਹੀ ਨਹੀਂ ਹਨ ਲਿਖਣ ਲਈ ਕਿ ਉਨ੍ਹਾਂ ਦੀ ਪ੍ਰੀਤ ਨੂੰ ਕਿਵੇਂ ਬਿਆਨ ਕਰਾਂ, ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਉਨ੍ਹਾਂ ਦਾ ਇਸ਼ਟ ਵੀ ਹੈ ਤੇ ਇਮਾਨ ਵੀ ਹੈ, ਕਰਮ ਅਤੇ ਧਰਮ ਵੀ, ਆਸ ਵੀ ਤੇ ਸਵਾਸ ਵੀ, ਤੇਜ ਵੀ ਤੇ ਤਾਪ ਵੀ ਜਮਾਲ ਤੇ ਜਲਾਲ ਵੀ ਹਰਕਤ ਵੀ ਤੇ ਬਰਕਤ ਵੀ ਆਦਿ ਵੀ ਤੇ ਅੰਤ ਵੀ ਹੈ। ਜਾਨੀ ਉਸ ਵਾਸਤੇ ਉਸ ਦੀ ਜ਼ਿੰਦਗੀ 'ਚ ਸਭ ਕੁਝ ਹੀ ਹੈ।

ਸ੍ਰੀ ਹਰਿਮੰਦਰ ਸਾਹਿਬ ਜੀ ਸਰਬ ਸਾਂਝੀਵਾਲਤਾ ਦਾ ਕੇਂਦਰ ਹੈ। ਦੁਨੀਆਂ ਦੇ ਵੱਖ-ਵੱਖ ਧਰਮਾਂ ਦੇ ਆਪੋ-ਆਪਣੇ ਧਾਰਮਿਕ ਤੀਰਥ ਅਸਥਾਨ ਹਨ ਪਰ ਸ੍ਰੀ ਹਰਿਮੰਦਰ ਸਾਹਿਬ ਪ੍ਰਮਾਤਮਾਂ ਦੀ ਸਮੁੱਚੀ ਸੰਤਾਨ ਦਾ ਆਪਣਾ ਘਰ ਹੈ। ਇਹ ਮਨੁਖੀ ਜਾਮੇ ਦਾ ਸਾਂਝਾ ਤੀਰਥ ਹੈ। ਇਹ ਇਕ ਅਜਿਹਾ ਅਨਮੋਲ ਪਵਿੱਤਰ ਤੀਰਥ ਹੈ ਜਿਥੇ ਕੁਝ ਵੀ ਐਸਾ ਨਹੀਂ ਜਿਸ ਨਾਲ ਜਾਣੇ-ਅਣਜਾਣੇ ਕਿਸੇ ਦੇ ਮਨ ਨੂੰ ਦੁਖ ਜਾਂ ਠੇਸ ਪਹੁੰਚਦੀ ਹੋਵੇ। ਇਥੇ ਤਾਂ ਆ ਕੇ ਹਰ ਇੱਕ ਦੇ ਮਨ ਚੋਂ ਅਹੰਕਾਰ, ਬਿਖਿਆ ਦੀ ਮੈਲ ਉਤਰਦੀ ਹੈ। ਇਹ ਸਿਫਤੀ ਦਾ ਘਰ ਹੈ। ਸਰੋਵਰ ਦੇ ਇਸ਼ਨਾਨ ਨਾਲ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨਾਲ ਸਰੀਰਕ ਥਕਾਵਟ ਦੂਰ ਹੁੰਦੀ ਹੈ, ਮਾਨਸਿਕ ਚੰਚਲਤਾ ਖਤਮ ਹੁੰਦੀ ਹੈ, ਆਤਮਿਕ ਵਿਕਾਸ ਪ੍ਰਫੁਲਿਤ ਹੁੰਦਾ ਹੈ ਅਤੇ ਮਨੁੱਖ ਨੂੰ ਨਵੀਂ ਚੇਸ਼ਟਾ, ਨਵਾ ਬਲ, ਨਵੀਂ ਜੀਵਨ ਜਾਂਚ, ਨਵੀਆਂ ਸੂਖਮ ਤਰੰਗਾਂ, ਨਵੇਂ ਜਜ਼ਬਿਆਂ, ਨਵੀਆਂ ਉਸਾਰੂ ਸੋਚਾਂ ਅਤੇ ਅਧਿਆਤਮਕ ਉਚਾਈਆਂ ਦਾ ਅਹਿਸਾਸ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖ ਦੇ ਗੌਰਵਮਈ ਇਤਿਹਾਸ ਦੀ ਪ੍ਰਤੱਖ ਪ੍ਰਦਰਸ਼ਨੀ ਹੈ, ਉਸ ਦੇ ਜੀਵਨ ਦੀ ਆਤਮਿਕ ਰੌ ਹੈ। ਚੇਤਨਾ ਦਾ ਸਰੋਤ ਹੈ, ਇਲਾਹੀ ਸ਼ਕਤੀ ਦਾ ਮੰਥਾ ਹੈ, ਸੁੱਚੇ ਚਾਵਾਂ ਮਲਹਾਰਾਂ ਦਾ ਸਰ ਚਸ਼ਮਾ ਹੈ, ਭਾਵਾਤਮਕ ਏਕਤਾ ਦਾ ਸਦੀਵੀ ਕੇਂਦਰ ਹੈ, ਸਿੱਖੀ ਦਾ ਸੋਮਾ ਹੈ, ਗੁਰਸਿੱਖੀ ਸ਼ਾਨ ਦਾ ਬੁਲੰਦ ਅਤੇ ਅਨੌਖਾ ਨਿਸ਼ਾਨ ਹੈ ਜਿਸ ਦੇ ਦਰਸ਼ਨਾਂ ਲਈ ਹਰ ਸਿੱਖ ਅਤੇ ਸਿੱਖ ਧਰਮ 'ਚ ਵਿਸ਼ਵਾਸ ਰੱਖਣ ਵਾਲੇ ਦੇ ਮਨ ਵਿੱਚ ਹਮੇਸ਼ਾਂ ਤਾਂਘ ਬਣੀ ਰਹਿੰਦੀ ਹੈ।

# ਅਣਵੰਡੇ ਪੰਜਾਬ ਵਿਚ ਲੁਬਾਣਾ ਬਰਾਦਰੀ ਦੇ ਪਿੰਡ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




ਅੱਜ ਤੋਂ ਕੋਈ 10 ਜਾਂ ਵੀਹ ਸਾਲ ਪਹਿਲਾਂ ਅਸੀਂ ਪ੍ਰਤੱਖ ਦੇਖਿਆ ਹੈ ਕਿ ਪਾਕਿਸਤਾਨ ਬਨਣ ਵੇਲੇ ਹੋਈ ਵੰਡ ਵੇਲੇ ਪਾਕਿਸਤਾਨੀ ਪੰਜਾਬ ਤੋਂ ਉੱਜੜ ਕੇ ਆਏ ਲੁਬਾਣਾ ਬਰਾਦਰੀ ਦੇ ਕਿਸੇ ਸਖ਼ਸ਼ ਵੱਲੋਂ ਹੋਲ ਲੁਬਾਣਾ ਜਾਤੀ ਦੇ ਵਿਅਕਤੀ ਨਾਲ ਮੁਲਾਕਾਤ ਵੇਲੇ ਪਹਿਲਾ ਸਵਾਲ ਇਹੋ ਹੀ ਹੁੰਦਾ ਸੀ ਕਿ ਪਿਛੋਂ ਕਿਥੋਂ ਦੇ ਹੋ? ਭਾਵ ਤੁਹਾਡਾ ਪਿਛਲਾ ਪਿੰਡ ਕਿਹੜਾ ਸੀ ਜਾਂ ਤੁਸੀਂ ਪਾਕਿਸਤਾਨ ਤੋਂ ਕਿਹੜੇ ਪਿੰਡ ਤੋਂ ਆਏ ਹੋ? ਪਹਿਲੇ ਵਿਅਕਤੀ ਵਲੋਂ ਬਿਨਾਂ ਕਿਸੇ ਦੇਰੀ ਦੇ ਆਪਣਾ ਪਿਛਲਾ ਪਿੰਡ ਦੱਸਣ ਤੋਂ ਬਾਅਦ ਅਗਲੇਰੀਆਂ ਗੱਲਾਂਬਾਤਾਂ ਚਾਲੂ ਹੋ ਜਾਣੀਆਂ। ਇਧਰ ਉਧਰ ਦੀਆਂ ਰਿਸ਼ਤੇਦਾਰੀਆਂ ਦੀਆਂ ਸੰਗਲੀਆਂ ਜੁੜ ਜਾਂਦੀਆਂ। ਵੰਡ ਵੇਲੇ ਜਿਹੜੇ ਲੁਬਾਣਿਆਂ ਨੂੰ ਪਾਕਿਸਤਾਨ ਵਿਚ ਰਹਿ ਗਏ ਆਪਣੇ ਘਰ-ਬਾਰ, ਜ਼ਮੀਨ-ਜਾਇਦਾਦ ਛੱਡ ਕੇ ਇਧਰਲੇ ਪੰਜਾਬ ਵਿਚ ਆਉਣਾ ਪਿਆ ਉਹਨਾਂ ਨੇ ਬੜੇ ਨੁਕਸਾਨ ਝੱਲੇ ਤੇ ਆਪਣੇ ਨਵੇਂ ਟਿਕਾਣਿਆਂ ਤੇ ਪਿੰਡਾਂ ਵਿਚ ਪੁਰਾਣੇ ਰਹਿ ਰਹੇ ਲੁਬਾਣਿਆਂ ਵੱਲੋਂ ਉਹਨਾਂ ਨੂੰ ਪਨਾਹ ਲੈਣ ਵਾਲੇ ਜਾਂ ਪਨਾਹੀ ਵੀ ਕਿਹਾ ਗਿਆ। ਪਹਿਲਾਂ ਤੋਂ ਇਧਰਲੇ ਪੰਜਾਬ ਵਿਚ ਵੱਸੇ ਲੁਬਾਣਿਆਂ ਨੂੰ ਜੱਦੀ ਲੁਬਾਣੇ ਕਿਹਾ ਗਿਆ। ਵੰਡ ਤੋਂ ਬਾਅਦ ਦੇ ਤਕਰੀਬਨ 25 ਸਾਲ ਤੱਕ ਪਨਾਹੀ ਤੇ ਜੱਦੀ ਲੁਬਾਣਿਆਂ ਵਿਚ ਰਿਸ਼ਤੇਦਾਰੀਆਂ ਵਧਾਉਣ ਤੋਂ ਵੀ ਸੰਕੋਚ ਹੀ ਕੀਤਾ ਗਿਆ ਤੇ ਇਕ ਦੂਜੇ ਨਾਲ ਫਰਕ ਰੱਖਿਆ ਜਾਂਦਾ ਸੀ। ਹੁਣ ਇਧਰ ਆ ਕੇ ਜੰਮੇ ਪਲੇ ਬੱਚਿਆਂ ਦੇ ਜਵਾਨ ਹੋ ਜਾਣ ਤੋਂ ਬਾਅਦ ਬਰਾਦਰੀ ਦੀ ਇਹ ਹੱਦਬੰਦੀ ਖਤਮ ਹੋ ਗਈ ਹੈ ਜੋ ਕਿ ਚੰਗੀ ਗੱਲ ਹੈ।

1947 ਦੀ ਵੰਡ ਵੇਲੇ ਅੰਗਰੇਜ਼ਾਂ ਨੇ ਪੰਜਾਬ ਅਤੇ ਬੰਗਾਲ ਸੂਬਿਆਂ ਨੂੰ ਅਬਾਦੀ ਦੀ ਧਾਰਮਿਕ ਗਿਣਤੀ ਦੇ ਹਿਸਾਬ ਨਾਲ ਵੰਡਣ ਦਾ ਫੈਸਲਾ ਲਿਆ। ਮੁਸਲਿਮ ਬਹੁਗਿਣਤੀ ਇਲਾਕਿਆਂ ਨੂੰ ਜੋ ਸਰਹੱਦ ਦੇ ਨਾਲ-ਨਾਲ ਵੱਸਦੇ ਸਨ, ਦੀ ਅਬਾਦੀ ਨੂੰ ਨਵੇਂ ਦੇਸ਼ ਪਾਕਿਸਤਾਨ ਵਿਚ ਅਤੇ ਸਰਹੱਦ ਦੇ ਨਾਲ-ਨਾਲ ਵਸਦੇ ਹਿੰਦੂਆਂ ਤੇ ਸਿੱਖਾਂ ਨੂੰ ਹਿੰਦੋਸਤਾਨ ਤਬਦੀਲ ਹੋ ਜਾਣ ਦੇ ਹੁਕਮ ਸੁਣਾਏ ਗਏ। ਅੰਗਰੇਜ਼, ਕਾਂਗਰਸ ਪਾਰਟੀ ਅਤੇ ਮੁਸਲਿਮ ਲੀਗ ਨੇ ਸੋਚਿਆ ਸੀ ਕਿ ਇਹ ਅਦਲਾ-ਬਦਲੀ ਸ਼ਾਂਤੀਪੂਰਵਕ ਅਤੇ ਅਮਨ ਅਮਾਨ ਨਾਲ ਪੁਲਿਸ ਅਤੇ ਫੌਜ ਦੀ ਨਿਗਰਾਨੀ ਵਿਚ ਸਹੀ ਤਰੀਕੇ ਨਾਲ ਹੋ ਜਾਵੇਗੀ ਪ੍ਰੰਤੂ ਦੋਨਾਂ ਪਾਸਿਆਂ ਤੋਂ ਧਾਰਮਿਕ ਕੱਟੜਤਾ, ਲੁੱਟਾਂ ਖੋਹਾਂ ਕਰਨ ਵਾਲੇ ਲੋਕਾਂ ਅਤੇ ਝੂਠੀਆਂ ਅਫਵਾਹਾਂ ਫੈਲਾ ਕੇ ਵੱਢ ਟੁੱਕ ਕਰਨ ਵਾਲਿਆਂ ਨੇ ਫੌਜ ਜਾਂ ਪੁਲਿਸ ਦੇ ਨਾਕਾਫ਼ੀ ਪ੍ਰਬੰਧਾਂ ਦਾ ਫਾਇਦਾ ਉਠਾਉਂਦੇ ਹੋਏ ਦੋਨਾਂ ਪਾਸਿਆਂ ਤੋਂ ਵੱਢ ਟੁੱਕ ਤੇ ਲੁੱਟ ਖੋਹ ਕਰਨ ਦਾ ਤਾਂਡਵ ਮਚਾ ਕੇ ਰੱਖ ਦਿੱਤਾ। ਹਜ਼ਾਰਾਂ ਲੋਕ ਮਾਰੇ ਗਏ, ਲੋਕ ਜਾਨ ਬਚਾ ਕੇ ਆਪਣਾ ਥੋੜ੍ਹਾ ਬਹੁਤ ਸਮਾਨ ਚੁੱਕ ਕੇ ਵਾਹੋਦਾਹੀ ਸਰਹੱਦਾਂ ਨੂੰ ਪਾਰ ਕਰਨ ਦੇ ਮਨਸ਼ੇ ਨਾਲ ਘਰਾਂ ਤੋਂ ਨਿਕਲ ਪਏ। ਦੋਨਾਂ ਪਾਸਿਆਂ ਤੇ ਬੜਾ ਨੁਕਸਾਨ ਹੋਇਆ। ਇਹ ਨੁਕਸਾਨ ਸਿਰਫ਼ ਪੰਜਾਬ ਵਿਚ ਹੋਇਆ ਕਿਉਂਕਿ ਵੰਡ ਧਾਰਮਿਕ ਅਧਾਰ ਤੇ ਸੀ। ਫਸਾਦੀਆਂ ਨੂੰ ਦੂਜੇ ਧਰਮ ਦੇ ਲੋਕਾਂ ਨੂੰ ਮਾਰਨ ਅਤੇ ਬਦਲਾ ਲੈਣ ਨੂੰ ਆਪਣਾ ਫ਼ਰਜ਼ ਸਮਝਿਆ। ਬੰਗਾਲ ਦੀ ਵੰਡ ਵਿਚ ਸਿਰਫ਼ ਜ਼ਮੀਨ ਦੀ ਵੰਡ ਸੀ, ਅਬਾਦੀ ਦੀ ਵੰਡ ਬਹੁਤ ਘੱਟ ਸੀ ਇਸ ਲਈ ਉਥੇ ਵੰਡ ਵੇਲੇ ਕੋਈ ਵੱਡਾ ਫਸਾਦ ਨਹੀਂ ਹੋਇਆ।

ਇਸ ਵੰਡ ਦਾ ਅਸਰ ਰੈਡਕਲਿਫ ਲਾਇਨ ਤੋਂ ਉਸ ਪਾਰ ਪਾਕਿਸਤਾਨ ਵਿਚ ਤਕਰੀਬਨ 12 ਤੋਂ 13 ਜ਼ਿਲ੍ਹਿਆਂ ਵਿਚ ਘੁੱਗ ਵਸਦੇ ਲੁਬਾਣਾ ਬਰਾਦਰੀ ਦੇ ਪਿੰਡਾਂ ਤੇ ਵੀ ਹੋਇਆ। ਪਿੰਡਾਂ ਵਿਚ ਅਖ਼ਬਾਰ ਜਾਂ ਰੇਡੀਓ ਤੇ ਪ੍ਰਸਾਰਤ ਹੋਣ ਵਾਲੀਆਂ ਖ਼ਬਰਾਂ ਦੇ ਵਿਸਥਾਰ ਦੀ ਘਾਟ ਸੀ। ਫੌਜ ਵਿਚ ਨੌਕਰੀ ਕਰਦੇ ਕਿਸੇ ਫੌਜੀ ਵਲੋਂ ਛੁੱਟੀ ਆਏ ਤੋਂ ਹੀ ਦੇਸ਼ ਵਿਚ ਹੋ ਰਹੀ ਵੰਡ ਦੀ ਗੱਲ ਪਿੰਡ ਵਾਲਿਆਂ ਨੂੰ ਸੁਨਣ ਨੂੰ ਮਿਲਦੀ ਸੀ। ਜਦੋਂ ਆਖਰੀ ਹੁਕਮ ਪਾਸ ਹੋ ਗਏ ਤਾਂ ਵੀ ਲੋਕ ਸਮਝਦੇ ਸਨ ਕਿ ਕੁਝ ਦਿਨਾਂ ਦਾ ਹੀ ਰੌਲਾ ਹੈ, ਅਸੀਂ ਮੁੜ ਕੇ ਆਪਣੇ ਘਰਾਂ ਨੂੰ







ਵਾਪਸ ਆ ਜਾਣਾ ਹੈ। ਪ੍ਰੰਤੂ ਅਜਿਹਾ ਨਾ ਹੋਇਆ ਤੇ ਲੋਕ ਆਪਣੇ ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਵਸੋਂ ਵਾਲੇ ਅਬਾਦ ਪਿੰਡ ਛੱਡ ਕੇ ਅਣਦੇਖੇ ਰਾਹਾਂ ਤੇ ਪੈ ਗਏ ਤੇ ਸਰਹੱਦ ਤੋਂ ਇਧਰ ਪਹੁੰਚ ਗਏ। ਪਾਕਿਸਤਾਨ ਵਿਚ ਰਹਿ ਗਏ ਲੁਬਾਣਾ ਬਰਾਦਰੀ ਦੀ ਵਸੋਂ ਵਾਲੇ ਕੋਈ ਤਕਰੀਬਨ ਕੁਲ 110 ਪਿੰਡ ਸਨ ਜਿਨ੍ਹਾਂ ਦੀ ਜ਼ਿਲ੍ਹਾਵਾਰ ਤਫਸੀਲ ਹੇਠ ਲਿਖੇ ਅਨੁਸਾਰ ਹੈ –

**ਜ਼ਿਲ੍ਹਾ ਗੁਜਰਾਂਵਾਲਾ** - ਚੱਕੀਆਂ, ਡਾਲਿਆਂਵਾਲੀ, ਢੋਲਨ, ਸ਼ਮੀਰ, ਧੁਪਸੜੀ, ਗੁਰਾਲਾ, ਗਨੌਰ, ਕਾਜੀਕੋਟ, ਕੁੜੀਕੋਟ, ਲਿੱਧੜ, ਮੰਜਪੁਰ, ਮਿਰਜਾਪੁਰ, ਨੰਗਲ ਦੁੱਨਾ ਸਿੰਘ, ਸਦਰਾਨੇ ਅਤੇ ਵਾਂਡੋ।

**ਜ਼ਿਲ੍ਹਾ ਗੁਜਰਾਤ** - ਬਰੱਮਲਾ, ਬਜ਼ੁਰਗਵਾਲ, ਭੱਖੜੇਵਾਲੀ, ਬੁੱਢਣ, ਚੱਕ ਨੰਬਰ 26, ਚੱਕ ਨੰਬਰ 28, ਗੁਜਗਰਾਈ, ਹਟਕਾ, ਖੋੜੀ ਦੁੱਨਾ ਸਿੰਘ, ਕੋਟਲੀ, ਕੁਆਂਖ, ਮਹਿਸਮ ਪੈਰੋਸ਼ਾਹ, ਕਿਲਾ ਸੂਰਾ ਸਿੰਘ, ਸੁਰਖਪੁਰ, ਟਾਂਡਾ ਮੋਟਾ।

**ਜ਼ਿਲ੍ਹਾ ਲਾਇਲਪੁਰ** - 13 ਚੱਕ, 21 ਚੱਕ, 32 ਜੀ.ਬੀ., 36 ਜੀ.ਬੀ., 76 ਜੀ.ਬੀ., 77 ਜੀ.ਬੀ., 84 ਜੀ.ਬੀ., 94 ਜੀ.ਬੀ., 115 ਜੀ.ਬੀ., 202 ਜੀ.ਬੀ., 301 ਜੀ.ਬੀ., 358 ਜੀ.ਬੀ., 441 ਜੀ.ਬੀ., 444 ਜੀ.ਬੀ., 447 ਜੀ.ਬੀ., 476 ਜੀ.ਬੀ., 518 ਜੀ.ਬੀ.।

**ਜ਼ਿਲ੍ਹਾ ਮੁਲਤਾਨ** - 24 ਚੱਕ, 34 ਚੱਕ, 45 ਚੱਕ, 82 ਚੱਕ, 86–7 ਆਰ ਚੱਕ, 88–7 ਆਰ ਚੱਕ, 90–7 ਆਰ ਚੱਕ।

**ਜ਼ਿਲ੍ਹਾ ਸ਼ੇਖੁਪਰਾ** - ਅਈਆ ਬੋਹੜਵਾਲਾ, ਅਈਆ ਮਨਸਾ ਸਿੰਘ ਦਾ, ਅਈਆ ਨਗਰ ਕਲਾਂ, ਅਈਆ ਨਗਰ ਖੁਰਦ, ਅਵਾਣ ਲੁਬਾਣਾ, ਬਾਬਕਵਾਲ, ਭਾਗੋਡਿਆਲ, ਭੁੱਕਨਪੁਰ ਆਰ ਦਾ, ਭੁੱਕਨਪੁਰ ਪਾਰ ਦਾ, 22 ਚੱਕ, 32 ਚੱਕ, 33 ਚੱਕ, 41 ਚੱਕ, 45 ਚੱਕ, 47 ਚੱਕ, 49 ਚੱਕ, 641 ਚੱਕ, ਢਾਮਕੇ, ਡਿੰਗਾ, ਦੁਲਚੀਪੁਰ, ਫਤਰੇਹਾਨ, ਗਰਾਂਗਵਾਲਾ, ਘੁਚੱਲੀ, ਹਿਟਕੀਪੁਰ, ਇਨੋਭੱਟੀ, ਖੰਨਾ ਲੁਬਾਣਾ, ਖਰਿਆਲ, ਝੂੰਗੀਆਂ, ਖਾਸਰੀਆਂ, ਕੋਟ ਪਿੰਡੀਦਾਸ, ਲੁਬਾਣਵਾਲਾ, ਮਾਂਗਟ, ਮੰਜਵਾਲਾ, ਮੱਸਚੱਕ, ਮਹਿਮਦਪੁਰ, ਮੀਖੋਵਾਲ, ਮੀਰਪੁਰ, ਮੁਰਾਦਪੁਰ, ਮੁਰੀਦਕੇ, ਨੰਗਲ ਬਾਵੇਵਾਲਾ, ਨੰਗਲ ਭੁੱਚਰ, ਨੰਗਲ ਭੂਸ਼ਾਂ, ਨੰਗਲ ਸਾਧ, ਨਵਾਂ ਪਿੰਡ, ਨਰਿੰਜਨੀ, ਕਾਜੀ ਮੁਰਾਲੀ, ਰਤਨੀਵਾਲਾ, ਸਾਧ ਅੰਬਾ, ਸਾਧ ਨੱਥੇ ਕੇ, ਸਾਧਵਾਨ, ਸ਼ਾਮਕੇ, ਸ਼ਰੀਫਪੁਰ, ਸੰਦਿਆਲਾ, ਟਿੱਬਾ, ਟੋਰੀਆ, ਵੱਡਾ ਨਾਜਰ।

**ਜ਼ਿਲ੍ਹਾ ਸਿਆਲਕੋਟ** - ਬਾਰਾਂਦਰੀ, ਭੋਡੀ ਮੱਲੀਆਂ, ਚੰਬਾਬਾਠ, ਦਾਦ, ਗੜ੍ਹੀ ਭੂਰੇਦੀ, ਖੋਖਰਵਾਲੀ, ਕੁੰਦਨਪੁਰ, ਨੰਗਲ ਸ਼ਾਹੂ, ਰਾਜਾ ਹਰਪਾਲ, ਛੰਨੀ ਅਟੱਲਗੜ੍ਹ।

**ਜ਼ਿਲ੍ਹਾ ਸ਼ਾਹਪੁਰ** - ਚੱਕ 109, ਚੱਕ 113, ਚਾਕ 115, ਚੱਕ 133, ਚੱਕ 135

**ਜ਼ਿਲ੍ਹਾ ਮੁਜਫਰਗੜ੍ਹ** - ਅਲੀਪੁਰ, ਬੱਬਰਾਂ, ਬਹਮਣਵਾਲਾ, ਬਹਨੀਵਾਲਾ, ਬਕੇਨੀ, ਬੰਦਰਾ, ਬਸਤੀ ਹੋਤਾ ਸਿੰਘ, ਬਸਤੀ ਨਿਹਾਲ ਸਿੰਘ ਵਾਲਾ, ਬਸਤੀ ਸੰਗਲਵਾਲੀ, ਬਸਤੀ ਸੇਵਕ ਸਿੰਘ, ਬੁਦੇਨੀ, ਛੱਕਹਾਲੀ, ਛਜਰੀਆਂ ਵਾਲੀ ਬਸਤੀ ਡਾਬਰਵਾਲਾ, ਧਰਮਪੁਰਾ, ਗੁਜਰਾਤਵਾਦੀ ਬਸਤੀ, ਗੰਗੀਆਲੀ, ਗੋਬਿੰਦਪੁਰਾ ਗੁਜਰਾਂਵਾਲਾ, ਗੁਜਰਾਲਵਾਦੀ, ਹੁਰਕੇ, ਹਸਨਪੁਰ, ਜਲਾਲਪੁਰ, ਕੁੰਦਰਾ, ਕੋਹਰ, ਨਾਸੇਬ, ਕੋਠੀ, ਲਰਾਂ, ਮਧੋਵਾਲਾ, ਮਹਿਤਾਬ ਸਿੰਘ ਦੀ ਬਸਤੀ, ਮੱਖਣ ਬੇਲਾ, ਮੁਸਿਆਂਵਾਲਾ, ਨਾਨਕ ਸਿੰਘ ਦੀ ਬਸਤੀ, ਨਵਾਂ ਪਿੰਡ, ਪੱਕੀ ਪਲੀਨੀ, ਨਿਜਾਮ, ਸਬੁਵਾਲੀ, ਟਾਰੰਗ।

**ਜ਼ਿਲ੍ਹਾ ਮਿਆਂਵਾਲੀ** - ਜੋਕ ਟਿੱਬੇਵਾਲੀ, ਚੱਕ ਨੰਬਰ 9

**ਜ਼ਿਲ੍ਹਾ ਮਿੰਟਗੁਮਰੀ** - ਚੱਕ 63-121 ਐਲ, 134-9 ਐਲ, ਚੱਕ 135, ਚੱਕ-136, 150-9 ਐਲ, ਚੱਕ-243, ਚੱਕ 245, ਚੱਕ-290

**ਜ਼ਿਲ੍ਹਾ ਲਾਹੌਰ** - ਆਈਆ ਨਗਰ, ਚੱਕ-28, ਚੱਕ-37 ਪੱਤੋਕੀ, ਗੋਪਾਲ ਸਿੰਘ ਵਾਲਾ, ਪਾਰ ਸਾਧ, ਸ਼ਾਹਪੁਰ ਕਾਂਜਰਾ।

**ਰਿਆਸਤ ਬਹਾਵਲਪੁਰ** - ਹਾਜੀ ਸ਼ਾਹਦੀ ਬਸਤੀ, ਕੰਦਾਨੀ, ਮੈਤਾਪੁਰ, ਸਮਲਿਆਨੀ, ਤਰੀ ਨੰਦਾ।

**ਜ਼ਿਲ੍ਹਾ ਜੰਗ** - ਚੱਕ ਨੰਬਰ 485

**ਜ਼ਿਲ੍ਹਾ ਮੀਆਂਵਾਲੀ** - ਜੋਕ ਟਿੱਬੇਵਾਲੀ, ਚੱਕ ਨੰਬਰ-9

1947 ਦੀ ਵੰਡ ਵੇਲੇ ਚੜ੍ਹਦੇ ਪੰਜਾਬ ਦੇ ਜਿਨ੍ਹਾਂ ਜ਼ਿਲ੍ਹਿਆਂ ਵਿਚ ਲੁਬਾਣਾ ਬਰਾਦਰੀ ਦੀ ਵੱਸੋਂ ਸੀ ਉਹਨਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ -

**ਜ਼ਿਲ੍ਹਾ ਲੁਧਿਆਣਾ** - ਬੱਲਬਗੜ੍ਹ, ਬਹਿਲੋਲ, ਬਹਿਰਾਮਪੁਰ, ਬੁੱਰਜ, ਡੋਲਨਵਾਲਾ, ਗੜ੍ਹੀ ਫਜਲ, ਗੋਪਾਲਪੁਰ, ਹੰਬੋਵਾਲ, ਝੋਰੜੀਆਂ, ਝੁੱਗੀਆਂ, ਕਾਉਂਕੇ, ਲੁਬਾਣਗੜ੍ਹ, ਨੂਰਪੁਰ, ਲੁਹਾਰੀਆਂ ਸੇਰੀਆਂ, ਮਾਜਰਾ, ਮੰਗਲੀ ਟਾਂਡਾ, ਪੋਤ, ਰੂਰ, ਸਸਰਾਲੀ ਟਾਂਡਾ ਕਾਲੀਆਂ, ਟਾਂਡਾ ਕਿਸ਼ਨ ਸਿੰਘ।

**ਜ਼ਿਲ੍ਹਾ ਜਲੰਧਰ** - ਭਟਨੂਰਾ ਲੁਬਾਣਾ, ਚਰੜ, ਲਾੜੋਈ, ਪਤਿਆਲ, ਰਾਜਪੁਰਾ।

**ਰਿਆਸਤ ਕਪੂਰਥਲਾ** - ਨੰਗਲ ਲੁਬਾਣਾ, ਨੂਰਪੁਰ ਲੁਬਾਣਾ, ਮਕਸੂਦਪੁਰ, ਰਾਏਪੁਰ ਪੀਰਬਖ਼ਸ਼ ਵਾਲਾ, ਟਾਂਡੀ।

**ਪਟਿਆਲਾ ਰਿਆਸਤ** - ਗੁੜਾਹਗਾ, ਨਾਭਾ ਸਾਹਿਬ, ਲਾਡ ਬਨਜਾਰਾ, ਸਰਾਏ ਬਨਜਾਰਾ।

**ਜ਼ਿਲ੍ਹਾ ਅੰਮ੍ਰਿਤਸਰ** - ਦਬੁਰਜੀ, ਪੰਡੋਰੀ, ਵੇਰਕਾ।

**ਜ਼ਿਲ੍ਹਾ ਹੁਸ਼ਿਆਰਪੁਰ** - ਆਭਾ, ਅਟੱਲਗੜ੍ਹ, ਹਿੰਮਤਪੁਰ, ਭੀਖੋਵਾਲ, ਬੁਢਾਬਰ, ਦਾਤਾ, ਖੰਨੋਵਾਲ, ਗਾਲੋਵਾਲ, ਹਿੰਮਤਪੁਰ, ਖੁਰਦਾਂ, ਸਹੱਦਪੁਰ, ਨਰਾਇਣਗੜ੍ਹ, ਪੱਸੀ ਬੇਟ, ਸੈਦੋਵਾਲ, ਸਲੋਹਪੁਰ, ਸੋਤਲਾ, ਟਾਹਲੀ, ਟਾਂਡਾ ਚੁੜੀਆਂ, ਟਾਂਡਾ ਰਾਮਸਹਾਏ, ਟਾਂਡਾ ਰਾਮਦਾਸ, ਟਾਂਡਾ ਸਰਿਆਣਾ, ਟੇਰਕਿਆਣਾ, ਉੱਚੀ ਬੱਸੀ, ਜਹੂਰਾ।

**ਜ਼ਿਲ੍ਹਾ ਗੁਰਦਾਸਪੁਰ** - ਅਬਾਦਗੜ੍ਹ, ਬਾਗੜੀਆਂ, ਬੱਲੜਵਾਲ, ਬਹਿਰਾਮਪੁਰ, ਭੁਲੇ ਚੱਕ, ਭੈਣੀ ਪੱਸੋਵਾਲ, ਚਾਹਵਾ, ਚੱਕ ਸ਼ਰੀਫ, ਚੋਪੜਾ, ਧਿਆਨਪੁਰ, ਧੁੱਪਸੜੀ, ਗਾਲੜੀ, ਗੋਹਤ ਪੋਖਰ, ਹੇਰਦਾ ਲੁਬਾਣਾ, ਜੱਗੋ ਚੱਕ, ਟਾਂਡਾ, ਝੰਡਾ ਲੁਬਾਣਾ, ਖੋਜਕੀਪੁਰ, ਕੀੜੀ ਅਫਗਾਨਾ, ਕਿਸ਼ਨਪੁਰ, ਕੋਟਲੀ, ਲੱਖੋਲਾੜੀ, ਮਾਨ ਚੋਪੜਾ, ਮਾੜੀ ਬੁਚਿਆਂ, ਮੀਰਥਲ, ਨਲਬੰਦਾ, ਨਵਾਂ ਪਿੰਡ, ਬਹਾਦਰ, ਨਰਸਿਹਾਂ, ਪਾਨੀਆਰ, ਪ੍ਰੇਮਪੁਰਾ, ਰਾਜੂਵੇਲਾ, ਸੈਦੋਵਾਲ, ਸ਼ਾਲਾ, ਸਿਬਲੀ, ਟਾਂਡਾ, ਸਲੋਪੁਰ ਟਾਂਡਾ।

1947 ਦੀ ਵੰਡ ਤੋਂ ਪਹਿਲਾਂ ਅੱਜ ਦੇ ਹਰਿਆਣਾ ਪ੍ਰਾਂਤ ਅਤੇ ਹਿਮਾਚਲ ਪ੍ਰਦੇਸ਼ ਵਿਚ ਵੀ ਲੁਬਾਣਾ ਬਰਾਦਰੀ ਦੇ ਹੇਠ ਲਿਖੇ ਪਿੰਡ ਸਨ।

**ਜ਼ਿਲ੍ਹਾ ਅੰਬਾਲਾ** - ਬੀਕਾਨੇਰ, ਬਰੱਹਮਪੁਰ, ਖੋਖਰ, ਟੱਪਰੀਆਂ ਅਮਰ ਸਿੰਘ।

**ਜ਼ਿਲ੍ਹਾ ਕਾਂਗੜਾ** - ਚੇਲੀ ਘੱਟਾ, ਕਾਟਮੇਲ, ਲੁਬਾਹਣ, ਲੁਬਾਣਗੜ੍ਹ, ਮਾਸਲਾ, ਟਾਂਡਾ ਪਾਨਾਰਾਈ, ਟਾਂਡਾ ਪਾਰਲਾਂ, ਟਾਂਡਾ ਵਾਰਲਾ।

**ਰਿਆਸਤ ਮੰਡੀ** - ਐਜੂ ਬਰਿਆੜਰਾ, ਭਾਰਟਾਂਡਾ, ਲੁਬਾਣ ਮੋਹਨਘਾਟੀ, ਮੋਤਲਾ, ਨੇਰ ਚੋਕ, ਟਾਂਡਾ, ਟਾਂਡਾ ਦੋਹਰਾ, ਟਾਂਡੀ, ਥਥਰੀ।

ਇਹਨਾਂ ਤੋਂ ਇਲਾਵਾ ਸ਼ਾਇਦ ਹੀ ਕੋਈ ਭੁਲਿਆ ਵਿਸਰਿਆ ਪਿੰਡ ਹੋਰ ਹੋਵੇ ਜਿਥੇ ਲੁਬਾਣਾ ਬਰਾਦਰੀ ਵਸਦੀ ਰਹੀ ਹੋਵੇ। ਕੋਸ਼ਿਸ਼ ਕੀਤੀ ਗਈ ਹੈ ਕਿ ਸਾਰੇ ਪਿੰਡ ਹੀ ਸ਼ਾਮਲ ਹੋ ਸਕਣ ਫਿਰ ਵੀ ਕੋਈ ਹੋਰ ਪਾਠਕਾਂ ਦੀ ਜਾਣਕਾਰੀ ਵਿਚ ਹੋਵੇ ਤਾਂ ਸਾਡੇ ਗਿਆਨ ਵਿਚ ਵਾਧਾ ਕਰਨ ਦੀ ਖੇਚਲ ਕੀਤੀ ਜਾਵੇ।

ਮੁੱਖ ਸਰੋਤ - ਪੰਜਾਬ ਦੀ ਲੁਬਾਣਾ ਬਰਾਦਰੀ 1849 ਤੋਂ 1947 ਲੇਖਕ ਡਾ. ਜਸਵੰਤ ਸਿੰਘ।

*****

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਖੋੜੀ ਤੋਂ ਮੁਰਾਲੇ ਪੁੱਜਣਾ

ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਉਮਰ ਤਕਰੀਬਨ 15 ਕੁ ਸਾਲ ਦੀ ਹੋ ਗਈ। ਪਹਿਲੇ ਮਾਤਾ ਅਕਾਲ ਚਲਾਣਾ ਕਰ ਗਈ, ਉਨ੍ਹਾਂ ਦੇ ਪਿੱਛੋਂ ਆਪ ਜੀ ਦੇ ਦਾਦਾ ਬਾਬਾ ਅਰੂੜ ਸਿੰਘ ਜੀ ਚੜ੍ਹਾਈ ਕਰ ਗਏ ਅਤੇ ਬਾਬਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਉਸ ਮਤਰੇਈ ਮਾਤਾ ਨੇ ਇਨ੍ਹਾਂ ਨਾਲ ਬਹੁਤ ਘਟੀਆ ਵਰਤਾਉ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਆਪ ਬਹੁਤ ਚਿੰਤਾਤੁਰ ਅਤੇ ਹਰ ਵਕਤ ਪ੍ਰੇਸ਼ਾਨ ਰਹਿੰਦੇ। ਸੋਚਦੇ ਰਹਿੰਦੇ ਕਿ ਕੀ ਕਰਾਂ, ਕੋਈ ਨੌਕਰੀ ਕਰ ਲਵਾਂ ਜਾਂ ਕੋਈ ਵਿਹਾਰ ਕਰ ਲਵਾਂ, ਜਿਸ ਨਾਲ ਆਪਣੀ ਜ਼ਿੰਦਗੀ ਦਾ ਨਿਰਬਾਹ ਕਰ ਸਕਾਂ। ਰਾਤ ਦਿਨ ਇਸੇ ਸੋਚ ਵਿਚ ਰਹਿੰਦੇ।

ਪਰ ਕੁਦਰਤ ਨੂੰ ਕੁਝ ਹੋਰ ਭਾਉਂਦਾ ਸੀ। ਜ਼ਿਲ੍ਹਾ ਗੁਜਰਾਤ ਦੇ ਅਰੋੜੇ ਸਿੰਘ ਯੂ.ਪੀ. ਆਦਿ ਪ੍ਰਾਂਤਾਂ ਵਿਚ ਜਾ ਕੇ ਉਧਾਰ ਕੱਪੜਾ ਵੇਚ ਆਉਂਦੇ ਸਨ। ਜਦੋਂ ਉਧਰ ਫਸਲ ਆਉਣ ਦਾ ਸਮਾਂ ਹੁੰਦਾ ਤਾਂ ਇਹ ਉਧਰ ਜਾ ਕੇ ਉਧਾਰ ਦਿੱਤੇ ਕੱਪੜੇ ਦੇ ਪੈਸਿਆਂ ਦੀ ਵਸੂਲੀ ਕਰਨ ਜਾਂਦੇ ਸਨ। ਉਹ ਆਪਣੇ ਨਾਲ ਇੱਕ-ਅੱਧ ਸਹਾਇਕ ਭੀ ਲੈ ਕੇ ਜਾਂਦੇ ਸਨ, ਦੋ ਕੁ ਮਹੀਨੇ ਪਿਛੋਂ ਵਸੂਲੀ ਕਰ ਕੇ ਵਾਪਸ ਆ ਜਾਂਦੇ ਸਨ।

ਅਕਾਲ ਪੁਰਖ ਦੇ ਭੇਜੇ ਹੋਏ ਇਕ ਗੁਰਮੁਖ ਪਿਆਰੇ ਭਾਈ ਰਾਮ ਸਿੰਘ ਜੀ ਪਿੰਡ ਬੂਰੀਆਂ ਵਾਲੀ ਪਿੰਡ ਦੇ ਸਨ। ਇਹ ਪਿੰਡ ਮੁਰਾਲੇ ਦੇ ਨੇੜੇ ਹੀ ਸੀ। ਉਹ ਭੀ ਕੱਪੜੇ ਦਾ ਵਿਹਾਰ ਯੂ.ਪੀ. ਜਾ ਕੇ ਕਰਦੇ ਸਨ। ਆਪ ਬੜੇ ਗੁਰਮੁਖ ਸਿੰਘ ਸਨ, ਕੀਰਤਨ ਵੀ ਕਰਦੇ ਸਨ ਤੇ ਨਿਤਨੇਮੀ ਭਜਨ ਸਿਮਰਨ ਵਾਲੇ ਸਨ। ਦਾਸ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹਨ। ਸੰਤ ਪ੍ਰੇਮ ਸਿੰਘ ਜੀ ਨੂੰ ਖੋੜੀ ਤੋਂ ਲਿਆਉਣ ਦੀ ਸਾਰੀ ਗੱਲ ਉਨ੍ਹਾਂ ਦਾਸ ਨੂੰ ਹੇਠ ਲਿਖੇ ਅਨੁਸਾਰ ਦੱਸੀ ਸੀ :


ਭਾਈ ਰਾਮ ਸਿੰਘ ਜੀ ਨੂੰ ਭੀ ਯੂ.ਪੀ. ਆਪਣੇ ਨਾਲ ਇਕ ਸਹਾਇਕ ਨੂੰ ਲੈ ਜਾਣ ਦੀ ਲੋੜ ਸੀ। ਉਹ ਪਿੰਡ ਖੋੜੀ ਪੁੱਜੇ। ਉਨ੍ਹਾਂ ਨੂੰ ਕੁਦਰਤੀ ਪਹਿਲੇ ਹੀ ਬਾਬਾ ਪ੍ਰੇਮ ਸਿੰਘ ਜੀ ਮਿਲ ਪਏ। ਉਨ੍ਹਾਂ ਆਪਣੀ ਗੱਲ ਦੱਸੀ ਕਿ ਮੈਨੂੰ ਇੱਕ ਸਹਾਇਕ ਦੀ ਲੋੜ ਹੈ, ਜੋ ਮੇਰੇ ਨਾਲ ਯੂ.ਪੀ. ਜਾ ਸਕੇ। ਸੰਤ ਪ੍ਰੇਮ ਸਿੰਘ ਜੀ ਨੇ ਭਾਈ ਰਾਮ ਸਿੰਘ ਨੂੰ ਕਿਹਾ ਕਿ ਮੈਨੂੰ ਲੈ ਚਲੋ, ਮੈਂ ਤੁਹਾਡੇ ਨਾਲ ਜਾਣ ਨੂੰ ਤਿਆਰ ਹਾਂ, ਭਾਈ ਰਾਮ ਸਿੰਘ ਇਨ੍ਹਾਂ ਦੀ ਗੱਲ ਸੁਣ ਕੇ ਤੇ ਇਨ੍ਹਾਂ ਦੇ ਚਿਹਰੇ ਵੱਲ ਵੇਖ ਕੇ ਕੁਝ ਹੈਰਾਨਗੀ ਨਾਲ ਕਹਿਣ ਲੱਗੇ - ਕਾਕਾ ਤੇਰੇ ਵਰਗੇ ਬੱਚਿਆਂ ਦਾ ਕੰਮ ਨਹੀਂ। ਮਹਾਂਪੁਰਖ ਸੰਤ ਪ੍ਰੇਮ ਸਿੰਘ ਜੀ ਕਹਿਣ ਲੱਗੇ - ਨਹੀਂ ਜਿਸ ਤਰ੍ਹਾਂ ਦਾ ਭੀ ਕੰਮ ਹੋਵੇਗਾ ਮੈਂ ਕਰਾਂਗਾ। ਭਾਈ ਰਾਮ ਸਿੰਘ ਜੀ ਕਹਿਣ ਲੱਗੇ - ਤੇਰੇ ਮਾਂ ਬਾਪ ਨਾਰਾਜ਼ ਹੋਣਗੇ। ਕਹਿਣ ਲੱਗੇ - ਨਹੀਂ ਨਾਰਾਜ਼ ਹੁੰਦੇ। ਆਪ ਜੀ ਨੇ ਜਾਣ ਲਈ ਆਪਣਾ ਮਨ ਪੱਕਾ ਬਣਾ ਲਿਆ। ਭਾਈ ਰਾਮ ਸਿੰਘ ਜੀ ਵੀ ਮੰਨ ਗਏ। ਸਵੇਰੇ ਜਾਣ ਦਾ ਇਨ੍ਹਾਂ ਨਾਲ ਪ੍ਰੋਗਰਾਮ ਬਣ ਗਿਆ। ਆਪ ਸਵੇਰੇ ਚੋਰੀ ਹੀ, ਕਿਸੇ ਨਾਲ ਗੱਲ ਨਾ ਕੀਤੀ ਤੇ ਭਾਈ ਰਾਮ ਸਿੰਘ ਦੇ ਨਾਲ ਪੈਦਲ ਹੀ ਚੱਲ ਪਏ। ਖੋੜੀ ਤੋਂ ਮੁਰਾਲਾ ਦਸ ਬਾਰਾਂ ਕਿਲੋਮੀਟਰ ਹੋਵੇਗਾ। ਸਾਰਾ ਰਸਤਾ ਤੈਅ ਕਰਦੇ-ਕਰਦੇ ਆਪਣੀ ਘਰ ਦੀ ਸਾਰੀ ਵਿਥਿਆ ਭਾਈ ਰਾਮ ਸਿੰਘ ਜੀ ਨੂੰ ਦੱਸਦੇ ਗਏ। ਆਪ ਜੀ ਮੁਰਾਲੇ ਪੁੱਜ ਗਏ।

ਆਪ ਜੀ ਨੂੰ ਤਕਦੀਰ ਉਸ ਅਸਥਾਨ ’ਤੇ ਲੈ ਆਈ, ਜਿਥੇ ਆਪ ਨੇ ਮਹਾਨ ਉੱਚੀ ਪਦਵੀ ’ਤੇ ਸੁਸ਼ੋਭਤ ਹੋ ਕੇ ਅਨੇਕਾਂ ਮਨੁੱਖਾਂ ਦੀਆਂ ਤਕਦੀਰਾਂ ਬਨਾਉਣੀਆਂ ਸਨ। ਕੌਮ ਅਤੇ ਪੰਥ ਦੇ ਮਹਾਨ ਆਗੂ ਬਣ ਕੇ ਸੰਸਾਰ ਵਿਚ ਸੂਰਜ ਵਾਂਗ ਚਮਕਣਾ ਸੀ। ਲੋਕਾਂ ਦੇ ਭਰਮ-ਭੁਲੇਖੇ ਦੇ ਅੰਧੇਰੇ ਨੂੰ ਦੂਰ ਕਰਨਾ ਅਤੇ ਸਿੱਖੀ ਮਾਰਗ ਵਿਖਾਉਣਾ ਸੀ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਭਾਦੋਂ ਮਹੀਨੇ ਦੀ ਸੰਗਰਾਂਦ ਅਤੇ ਅਗਸਤ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਮੇਜਰ. ਐਨ.ਐਸ. ਮੁਲਤਾਨੀ,
ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ



**ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,**

**"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"**

1. ਆਪ ਜੀ ਨੂੰ ਪਤਾ ਹੈ ਕਿ ਕੋਵਿਡ ਮਹਾਂਮਾਰੀ ਦੇ ਸਮੇਂ ਸੰਸਥਾ ਨੂੰ ਬੜੇ ਮੁਸ਼ਕਿਲ ਸਮੇਂ ਵਿੱਚੋਂ ਲੰਘਣਾ ਪਿਆ ਸੀ। ਪ੍ਰੰਤੂ ਬਹੁਤ ਸਾਰੇ ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਸਹਿਯੋਗ ਨਾਲ ਔਖੇ ਸਮੇਂ ਨੂੰ ਪੂਰੀ ਤਰ੍ਹਾਂ ਸੰਭਾਲਦੇ ਹੋਏ ਮੈਨੇਜਮੈਂਟ ਵੱਲੋਂ ਅੱਗੇ ਵਧਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਮੇਂ ਸੰਸਥਾ ਦੀ ਵਿੱਤੀ ਹਾਲਤ ਵਿੱਚ ਹੋਲੀ-ਹੋਲੀ ਸੁਧਾਰ ਹੋ ਰਿਹਾ ਹੈ ਅਤੇ ਉਮੀਦ ਕਰਦੇ ਹਾਂ ਕਿ ਹਾਲਾਤ ਇਸੇ ਤਰ੍ਹਾਂ ਠੀਕ ਰਹੇ ਤਾਂ ਸੰਸਥਾ ਪੂਰੀ ਤਰ੍ਹਾਂ ਪਹਿਲੇ ਦੀ ਤਰ੍ਹਾਂ ਆਪਣੀ ਕਾਰਗੁਜਾਰੀ ਕਰਨ ਵਿੱਚ ਸਮਰੱਥ ਹੋਵੇਗੀ। ਮੈਨੇਜਮੈਂਟ ਵੱਲੋਂ ਕਈ ਮਹੱਤਵਪੂਰਨ ਫੈਸਲੇ ਪਿੱਛੇ ਜਿਹੇ ਲਏ ਗਏ ਸਨ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਪੁਰਜ਼ੋਰ ਕੋਸ਼ਿਸ਼ ਕਰੇਗੀ। ਇਸ ਲਈ ਆਪ ਦਾ ਪੂਰਨ ਸਹਿਯੋਗ ਦੀ ਲੋੜ ਹੈ।

2. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** :- ਅਗਸਤ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਅਗਸਤ ਮਹੀਨੇ ਦੇ ਦੌਰਾਨ ਸੰਸਥਾ ਦੀ ਆਮਦਨ ਵਿੱਚ ਕਾਫੀ ਸੁਧਾਰ ਹੋਇਆ ਹੈ ਜੋ ਕਿ ਕੁੱਲ ਆਮਦਾਨ 6,55,015/- ਰੁਪਏ (ਛੇ ਲੱਖ ਪਚਵੰਜਾ ਹਜ਼ਾਰ ਪੰਦਰਾਂ ਰੁਪਏ) ਹੋਈ ਅਤੇ ਖਰਚਾ 3,47,031/- (ਤਿੰਨ ਲੱਖ ਸੰਤਾਲੀ ਹਜ਼ਾਰ ਇਕੱਤੀ ਰੁਪਏ) ਵੱਖ-ਵੱਖ ਮੱਦਾ ਅਧੀਨ ਹੋਇਆ।

3. **ਮੇਨ ਆਡੀਟੋਰੀਅਮ ਦੀ ਮੁਰੰਮਤ ਅਤੇ ਨਵੀਨੀਕਰਨ ਦੇ ਪ੍ਰੋਜੈਕਟ ਸਬੰਧੀ ਰਿਪੋਰਟ** :- ਆਡੀਟੋਰੀਅਮ ਦਾ ਪਹਿਲੇ ਪੜਾਅ

ਦਾ ਕੰਮ ਮੁਕੰਮਲ ਹੋਣ ਦੇ ਕਾਰਨ ਇਸ ਦੀ ਬੁਕਿੰਗ ਅਤੇ ਆਮਦਨ ਵਿੱਚ ਕਾਫੀ ਸੁਧਾਰ ਹੋਇਆ ਹੈ ਜੋ ਕਿ ਕੁੱਲ 4,28,484/- (ਚਾਰ ਲੱਖ ਅਠਾਈ ਹਜ਼ਾਰ ਚਾਰ ਸੌ ਚੁਰਾਸੀ) ਰੁਪਏ ਹੈ। ਇਹ ਦਰਸਾਉਂਦਾ ਹੈ ਕਿ ਆਉਣ ਵਾਲੇ ਸਮੇਂ ਸੰਸਥਾ ਦੀ ਵਿੱਤੀ ਹਾਲਾਤ ਵਿੱਚ ਕਾਫੀ ਸੁਧਾਰ ਹੋਵੇਗਾ, ਜੋ ਕਿ ਸਾਨੂੰ ਅਗਲੇ ਪੜਾਅ ਦਾ ਕੰਮ ਪੂਰਾ ਕਰਨ ਵਿੱਤ ਕਾਫੀ ਮਦਦ ਕਰੇਗਾ। ਦੂਜੇ ਪੜਾਅ ਦਾ ਕੰਮ ਗਰਮੀ ਅਤੇ ਬਰਸਾਤ ਦਾ ਮੌਸਮ ਹੋਣ ਕਰਕੇ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਹੋ ਸਕੀ। ਜਿਸ ਵਿੱਚ ਖਾਸ ਤੌਰ ਤੇ ਮੇਨ ਆਡੀਟੋਰੀਅਮ ਦੇ ਸਾਊਂਡ ਪਰੂਫ, ਏਅਰ ਦਰਵਾਜ਼ੇ ਲਗਾਉਣਾ ਤੇ ਜੋ ਹਵਾ ਦੇ ਬਾਹਰ ਜਾਣ ਦੇ ਰਸਤੇ, ਸੀਲਿੰਗ ਤੇ ਸਾਈਡ ਗੈਲਰੀ, ਸਟੇਜ਼ ਤੇ ਹਵਾ ਜਾਣ ਦੇ ਰਸਤਿਆਂ ਨੂੰ ਬੰਦ ਕਰਨਾ ਅਤੇ ਸਟੇਜ਼ ਦੀ ਪੌੜੀਆਂ ਅਤੇ ਹੋਰ ਛੋਟਾ ਮੋਟਾ ਕੰਮ ਨਾਲ ਲੱਗਦਾ ਕਰਵਾਉਣਾ ਹੈ। ਜਿਸ ਦੀ ਫੰਡਾਂ ਦੀ 10 ਲੱਖ ਰੁਪਏ ਦੀ ਪ੍ਰਵਾਨਗੀ ਕਾਰਜਕਾਰੀ ਕਮੇਟੀ ਵੱਲੋਂ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ।

ਉਮੀਦ ਹੈ ਕਿ ਸੰਸਥਾ ਦੀ ਵਿੱਤੀ ਹਾਲਤ ਵਿਚ ਸੁਧਾਰ ਹੋਣ ਕਰਕੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਜਲਦੀ ਹੀ ਹਿੱਸਿਆਂ ਵਿੱਚ ਵੰਡ ਕੇ ਪੂਰਾ ਕਰਨ ਲਈ ਕੋਸ਼ਿਸ਼ ਕੀਤੀ ਜਾਵੇਗੀ। ਸਾਰੇ ਤਜ਼ਰਬੇਕਾਰ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਦਾ ਸਹਿਯੋਗ ਦਿਉ ਤਾਂ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਬਹੁਤ ਅੱਛੇ ਤਰੀਕੇ ਨਾਲ ਪੂਰਾ ਕੀਤਾ ਜਾ ਸਕੇ। ਦੇਖਣ ਵਿਚ ਆਇਆ ਹੈ ਕਿ ਅਸੀਂ ਸੁਝਾਅ ਤਾਂ ਬਹੁਤ ਦਿੰਦੇ ਹਾਂ, ਪ੍ਰੰਤੂ ਅੱਗੇ ਆ ਕੇ ਕੰਮ ਵਿੱਚ ਸਹਿਯੋਗ ਨਹੀਂ ਦਿੰਦੇ, ਜਿਸ ਨਾਲ ਜੋ ਗਿਨੇ ਚੁਣੇ ਅਹੁਦੇਦਾਰ ਹਨ ਉਨ੍ਹਾਂ ਤੇ ਕਾਫੀ ਜ਼ਿੰਮੇਵਾਰੀ ਅਤੇ ਭਾਰ ਪੈਂਦਾ ਹੈ, ਜਿਸ ਨਾਲ ਕੰਮ ਵਿਚ, ਦੇਰੀ ਹੋਣੀ ਸੁਭਾਵਿਕ ਹੈ। ਕਿਉਂਕਿ ਅਸੀਂ ਸਾਰੇ ਆਪ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਹੀ ਸੰਸਥਾ ਦੀ ਜ਼ਿੰਮੇਵਾਰੀ ਨਿਭਾਉਂਦੇ ਹਾਂ।

4. ਨਵਾਂ ਏਸੀ ਪਲਾਂਟ ਲਾਉਣ ਲਈ ਸਾਨੂੰ ਕੋਈ ਜਲਦੀ ਦੀ ਲੋੜ ਨਹੀਂ ਹੈ ਕਿਉਂਕਿ ਮੌਜੂਦਾ ਏਸੀ ਪਲਾਂਟ ਠੀਕ ਠਾਕ ਕੰਮ ਕਰ ਰਿਹਾ ਹੈ ਅਤੇ ਕੋਈ ਰੁਕਾਵਟ ਆਉਣ ਦੀ ਸੰਭਾਵਨਾ ਨਹੀਂ ਹੈ। ਇਸ ਲਈ ਅਸੀਂ ਅਗਲੇ ਸਰਦੀ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਲਈ ਇੰਤਜ਼ਾਰ ਕਰ ਸਕਦੇ ਹਾਂ। ਜਿਸ ਬਾਰੇ ਫਰਵਰੀ ਜਾਂ ਮਾਰਚ ਵਿੱਚ ਜ਼ਰੂਰਤ ਪਈ ਤਾਂ ਸੋਚ ਵਿਚਾਰ ਕੀਤੀ ਜਾਵੇਗੀ।

5. **ਐਜੂਕੇਸ਼ਨ ਪਾਲਿਸੀ, ਐਜੂਕੇਸ਼ਨ ਪ੍ਰਮੋਸ਼ਨ ਅਤੇ ਸਕਾਲਰਸ਼ਿਪ ਕਮੇਟੀ** :- ਐਜੂਕੇਸ਼ਨ ਅਤੇ ਸਕਾਲਰਸ਼ਿਪ ਪਾਲਿਸੀ ਪੰਜਾਬੀ ਅਤੇ ਇੰਗਲਿਸ਼ ਵਿੱਚ ਪਬਲਿਸ਼ ਕੀਤੀ ਜਾ ਚੁੱਕੀ ਹੈ। ਆਪ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਦੁਬਾਰਾ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਸਤਾਵਿਤ ਨੀਤੀ ਨੂੰ ਪੜ੍ਹ ਕੇ ਅਤੇ ਇਸ ਨੂੰ ਚੰਗੇਰੀ ਅਤੇ ਗੁਣਵੱਤਾ ਭਰਪੂਰ ਬਣਾਉਣ ਲਈ ਆਪਣੇ ਵਡਮੁੱਲੇ ਸੁਝਾਅ ਦੇ ਕੇ ਧੰਨਵਾਦ ਦੇ ਪਾਤਰ ਬਣੋ। ਇਹ ਯਕੀਨ ਦਿਵਾਇਆ ਜਾਂਦਾ ਹੈ ਕਿ ਆਪ ਜੀ ਵੱਲੋਂ ਦਿੱਤੇ ਗਏ ਵਡਮੁੱਲੇ ਸ਼ੁਭ ਸੁਝਾਵਾਂ ਤੇ ਵਿਚਾਰ ਕਰਕੇ ਇਸ ਨੀਤੀ ਵਿੱਚ ਸੋਧ ਕਰ ਦਿੱਤੀ ਜਾਵੇਗੀ।

6. **ਵਿਦਿਆਰਥੀ ਨੂੰ ਵਜੀਫੇ ਦੇਣ ਬਾਰੇ** :- ਵਿਦਿਆਰਥੀ ਨੂੰ ਵਜੀਫੇ ਦੇਣ ਲਈ ਅਕੈਡਮਿਕ ਸਾਲ 2021-2022 ਦੀ ਪਾਲਸੀ ਅਤੇ ਐਪਲੀਕੇਸ਼ਨ ਫਾਰਮ ਜੁਲਾਈ ਅਤੇ ਅਗਸਤ 2022 ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ। ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਅਤੇ ਰਿਜ਼ਨਲ ਪ੍ਰਧਾਨ ਜ਼ਰੂਰਤਮੰਦ ਅਤੇ ਗਰੀਬ ਬੱਚਿਆਂ ਦੇ ਫਾਰਮ ਭਰਵਾ ਕੇ ਫਾਊਂਡੇਸ਼ਨ ਵਿਚ 20 ਸਤੰਬਰ 2022 ਤੱਕ ਭੇਜਣ ਤਾਂਕਿ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

7. **ਭਾਦੋ ਮਹੀਨੇ ਦੀ ਸੰਗਰਾਂਦ** :- ਭਾਦੋਂ ਮਹੀਨੇ ਦੀ ਸੰਗਰਾਂਦ 17 ਅਗਸਤ 2022 ਨੂੰ ਭਵਨ ਵਿੱਚ ਮਨਾਈ ਗਈ। ਬਹੁਤ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਦਾਨ ਦੇ ਕੇ ਆਪਣਾ ਯੋਗਦਾਨ ਪਾਇਆ। ਇਸ ਮੌਕੇ ਤੇ ਸਰਦਾਰ ਗੁਰਦਿਆਲ ਸਿੰਘ ਘੋਤਰਾ, ਰਿਜ਼ਨਲ ਪ੍ਰਧਾਨ, ਬਲਦੇਵ ਨਗਰ, ਅੰਬਾਲਾ ਨੇ ਇਸ ਪਾਵਨ ਮੌਕੇ ਤੇ ਗੁਰੂ ਘਰ ਵਿੱਚ ਹਾਜ਼ਰੀ ਭਰੀ ਅਤੇ ਉਨ੍ਹਾਂ ਨੇ ਫਾਊਂਡੇਸ਼ਨ ਨੂੰ 50,000/- ਰੁਪਏ (ਪੰਜਾਹ ਹਜ਼ਾਰ) ਦਾਨ ਵਜੋਂ ਦਿੱਤੇ। ਉਨ੍ਹਾਂ ਨੂੰ ਸਰਦਾਰ ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ ਅਤੇ ਬਾਕੀ ਸਾਰੇ ਅਹੁਦੇਦਾਰਾਂ ਦੀ ਹਾਜ਼ਰੀ ਵਿੱਚ ਗੁਰੂ ਘਰ ਦਾ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਸਰਦਾਰ ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ ਵੱਲੋਂ ਦੁਬਾਰਾ ਫਿਰ ਬੇਨਤੀ ਕੀਤੀ ਗਈ ਕਿ ਭਵਨ ਵਿੱਚ ਮੈਂਬਰਾਂ ਦੀ ਹਾਜ਼ਰੀ ਬਹੁਤ ਘੱਟ ਹੈ ਇਸ ਕਰਕੇ ਇੰਚਾਰਜ ਗੁਰੂ ਘਰ ਵੱਲੋਂ ਸਭ ਮੈਂਬਰਾਂ ਨੂੰ ਫੋਨ ਕਰਕੇ ਸੱਦਾ ਦਿੱਤਾ ਜਾਵੇ ਤਾਂਕਿ ਜ਼ਿਆਦਾ ਤੋਂ ਜ਼ਿਆਦਾ ਲੋਕ ਗੁਰੂ ਘਰ

ਵਿੱਚ ਹਾਜ਼ਰ ਹੋ ਕੇ ਭਵਨ ਦੀ ਰੌਣਕ ਵਧਾਉਣ।

**8. ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** :- ਜਿਸ ਤਰਾਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਫਾਇਰ ਫਾਈਟਿੰਗ ਦੀ ਐਨ.ਓ.ਸੀ. ਲਈ ਅਪਲਾਈ ਕਰ ਦਿੱਤਾ ਗਿਆ ਹੈ ਅਤੇ ਲੋੜੀਂਦੀ ਫੀਸ ਵੀ ਭਰ ਦਿੱਤੀ ਗਈ ਹੈ। ਫਾਇਰ ਫਾਈਟਿੰਗ ਮਹਿਕਮੇ ਵੱਲੋਂ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਛੋਟੀਆਂ-ਮੋਟੀਆਂ ਕਮੀਆਂ ਬਾਰੇ ਉਹਨਾਂ ਨੇ ਦੱਸਿਆ ਹੈ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਕਮੀਆਂ ਨੂੰ ਦੂਰ ਕਰਕੇ ਜਲਦੀ ਤੋਂ ਜਲਦੀ ਫਾਇਰ ਫਾਈਟਿੰਗ ਦੀ ਐਨ.ਓ.ਸੀ. ਪ੍ਰਾਪਤ ਕੀਤੀ ਜਾ ਸਕੇ।

**9. ਲੁਬਾਣਾ ਸੇਵਕ ਮੈਗਜ਼ੀਨ 2014 ਤੋਂ ਅਪ੍ਰੈਲ 2022 ਤੱਕ ਦੇ ਸਾਰੇ ਅੰਕਾਂ ਨੂੰ ਫਾਊਂਡੇਸ਼ਨ ਦੀ ਵੈਬਸਾਈਟ ਤੇ ਅਪਲੋਡ ਕਰਨਾ** :- ਦੇਸ਼ ਅਤੇ ਵਿਦੇਸ਼ ਵਿੱਚ ਸਾਰੇ ਮੈਂਬਰਾਂ ਦੀ ਮੁੱਖ ਮੰਗ ਰੱਖਦਿਆਂ ਹੋਇਆ ਸੰਸਥਾ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ "ਲੁਬਾਣਾ ਸੇਵਕ ਮੈਗਜ਼ੀਨ" ਦੇ ਜੁਲਾਈ 2014 ਤੋਂ ਅਗਸਤ 2022 ਤੱਕ ਦੇ ਸਾਰੇ ਅੰਕਾਂ ਨੂੰ ਫਾਊਂਡੇਸ਼ਨ ਦੀ ਵੈਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ। ਮੈਂਬਰ ਸਾਹਿਬਾਨ ਇਨ੍ਹਾਂ ਅੰਕਾਂ ਨੂੰ ਇਸ ਵੈਬਸਾਈਟ ਤੋਂ ਲੋੜ ਅਨੁਸਾਰ ਡਾਊਨਲੋਡ ਕਰ ਕੇ ਪੜ੍ਹ ਸਕਦੇ ਹਨ। ਪ੍ਰਧਾਨ ਸਾਹਿਬ ਦੀਆਂ ਕੋਸ਼ਿਸ਼ਾਂ ਸਦਕਾ ਡਾਕ ਵਿਭਾਗ ਤੋਂ ਮੈਗਜ਼ੀਨ ਨੂੰ ਚੰਡੀਗੜ੍ਹ ਦੀ ਬਜਾਏ ਜਲੰਧਰ ਤੋਂ ਪੋਸਟ ਕਰਨ ਲਈ ਲੋੜੀਂਦੀ ਮਨਜ਼ੂਰੀ ਮਿਲ ਚੁੱਕੀ ਹੈ। ਅੱਗੇ ਤੋਂ ਲੁਬਾਣਾ ਸੇਵਕ ਮੈਗਜ਼ੀਨ ਜਲੰਧਰ ਤੋਂ ਹੀ ਸਾਰੇ ਮੈਂਬਰ ਸਾਹਿਬਾਨ ਨੂੰ ਪੋਸਟ ਕੀਤਾ ਜਾਵੇਗਾ।

**10. ਗੁਰੂ ਲਾਧੋ ਰੇ ਦਿਵਸ ਮਨਾਉਣ ਬਾਰੇ** :- ਪਹਿਲਾਂ ਦੀ ਤਰ੍ਹਾਂ ਫਾਊਂਡੇਸ਼ਨ ਵੱਲੋਂ ਗੁਰੂ ਲਾਧੋ ਰੇ ਦਿਵਸ ਮਿਤੀ-07 ਅਕਤੂਬਰ 2022 ਦਿਨ ਸ਼ੁੱਕਰਵਾਰ ਨੂੰ ਭਵਨ ਵਿੱਖੇ ਮਨਾਇਆ ਜਾਵੇਗਾ, ਜਿਸ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਜਲਦੀ ਹੀ ਕੀਤਾ ਜਾਵੇਗਾ ਤਾਂ ਕਿ ਦਿਵਸ ਮਨਾਉਣ ਲਈ ਠੀਕ ਪ੍ਰਬੰਧ ਕੀਤਾ ਜਾ ਸਕੇ ਅਤੇ ਕਿਸੇ ਪ੍ਰਕਾਰ ਦੀ ਕਮੀ ਨਾ ਰਹੇ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਨੇ ਗੁਰੂ ਲਾਧੋ ਰੇ ਦਿਵਸ ਤੇ ਹਾਜ਼ਰ ਹੋ ਕੇ ਭਵਨ ਦੀ ਰੋਣਕ ਨੂੰ ਵਧਾਉਣ ਅਤੇ ਆਪਣਾ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**11.ਫਾਊਂਡੇਸ਼ਨ ਵਿੱਚ ਬੈਠੇ ਐਨ.ਆਰ.ਆਈ. ਮੈਂਬਰ ਸਾਹਿਬਾਨਾਂ ਵੱਲੋਂ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਤੇ ਵਿਦੇਸ਼ਾ ਵਿੱਚ ਸਬ-ਕਮੇਟੀਆਂ ਦਾ ਗਠਨ ਕਰਨ ਬਾਰੇ** :- ਸੰਸਥਾ ਵੱਲੋਂ ਹੁਣ ਤੱਕ ਵਿੱਦਿਆ ਦੇ ਖੇਤਰ ਵਿੱਚ ਕੇਵਲ, ਮੈਰਿਟ-ਕਮ-ਮੀਨਜ਼ ਅਧਾਰ ਤੇ ਵਜੀਫੇ ਦੇਣ ਦੇ ਕੰਮ ਤੱਕ ਹੀ ਸੀਮਤ ਰਿਹਾ ਹੈ। ਸੋ ਬਰਾਦਰੀ ਦੇ ਪਿੰਡਾਂ ਵਿੱਚ ਵਿੱਦਿਆ ਨੂੰ ਜ਼ਮੀਨੀ ਸਤਾ ਤੋਂ ਲੈ ਕੇ ਬੱਚਿਆਂ ਨੂੰ ਟਿਊਸ਼ਨ ਵਰਕ, ਕੋਚਿੰਗ ਅਤੇ ਟਰੇਨਿੰਗ ਆਦਿ ਦੀ ਸਿੱਖਿਆ ਦੇਣ ਦੀ ਜ਼ਰੂਰਤ ਹੈ ਜੋ ਸੰਸਥਾ ਵੱਲੋਂ ਬਣਾਈ ਜਾ ਰਹੀ ਸਿੱਖਿਆ ਨੀਤੀ ਅਨੁਸਾਰ ਲਾਗੂ ਕੀਤੀ ਜਾਵੇਗੀ। ਇਸ ਕੰਮ ਲਈ ਅਗਲੇ ਦੋ ਸਾਲਾਂ ਵਿੱਚ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਆਵੇਗੀ ਜਿਸ ਲਈ ਬਰਾਦਰੀ ਦੇ ਮੈਂਬਰਾਂ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਕੰਮ ਕਰ ਰਹੇ ਬਰਾਦਰੀ ਦੇ ਸੱਜਣਾਂ ਨੂੰ ਸੰਸਥਾ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਵਿੱਦਿਆ ਦੇ ਪਸਾਰ ਲਈ ਬਣਾਏ ਜਾ ਰਹੇ ਪ੍ਰੋਜੈਕਟ ਦੀ ਪੂਰਤੀ ਲਈ ਵੱਧ ਚੜ੍ਹ ਕੇ ਆਪਣੀ ਸਮਰੱਥਾ ਅਨੁਸਾਰ ਦਾਨ ਦੇਣ ਦੀ ਖੇਚਲ ਕਰਨ। ਮਿਤੀ 24.05.2022 ਨੂੰ ਵਰਕਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਸੰਸਥਾ ਦੇ ਅਹੁਦੇਦਾਰ, ਬਰਾਦਰੀ ਦੇ ਸੂਝਵਾਨ ਅਤੇ ਪਤਵੰਤੇ ਸੱਜਨਾਂ ਨੂੰ ਦਾਨ ਦੇਣ ਲਈ ਬੇਨਤੀ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦਾ ਦੌਰਾ ਕਰਨਗੇ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਇਕ ਉਭਰਦਾ ਖਿਡਾਰੀ




ਸ਼ੁੱਭਕਰਮਨ ਸਿੰਘ ਘੋਤੜਾ, ਸ. ਸੁਖਵਿੰਦਰ ਸਿੰਘ ਘੋਤੜਾ (ਸੀ ਬੀ ਆਈ ਇੰਸਪੈਕਟਰ) ਤੇ ਸੰਦੀਪ ਕੋਰ (ਟੀਚਰ) ਪਿੰਡ ਜਲਾਲਪੁਰ ਦਾ ਹੋਣਹਾਰ ਸਪੁੱਤਰ ਹੈ। ਪਿਤਾ ਦਾ ਪਿਛੋਕੜ ਖੇਡਾਂ ਦਾ ਹੋਣ ਕਾਰਨ ਸ਼ੁੱਭਕਰਮਨ ਸਿੰਘ ਤੇ ਵੱਡੇ ਭਰਾ ਜਸਕਰਮਨ ਸਿੰਘ ਦੀ ਰੁਚੀ ਖੇਡਾਂ ਵਿੱਚ ਹੋਣਾ ਸੁਭਾਵਿਕ ਸੀ। ਵੱਡੇ ਭਰਾ ਨੇ ਵਿਦੇਸ਼ ਜਾਣ ਦੀ ਰੁਚੀ ਕਾਰਣ ਜੂਨੀਅਰ ਨੈਸ਼ਨਲ, ਸਕੂਲ ਨੈਸ਼ਨਲ ਤੇ ਖੇਲੋ ਤੇ ਇੰਡੀਆ ਨੈਸ਼ਨਲ ਖੇਡਾਂ ਵਿੱਚ ਵੀ ਭਾਗ ਲੈ ਕੇ ਨਾਮ ਕਮਾ ਕੇ ਵਿਦੇਸ਼ ਚਲਾ ਗਿਆ। ਪਰ ਸ਼ੁੱਭਕਰਮਨ ਸਿੰਘ ਛੋਟੇ ਬੇਟੇ ਨੇ ਲਗਾਤਾਰ ਪ੍ਰੈਕਟਿਸ ਜਾਰੀ ਰੱਖੀ। ਸ਼ੁਭਕਰਮਨ ਸਿੰਘ ਘੋਤੜਾ ਦਾ ਜਨਮ 2003 ਵਿੱਚ ਹੋਇਆ ਤੇ ਉਸਨੇ ਆਪਣੀ ਖੇਡ ਜ਼ਿੰਦਗੀ ਦਾ ਪਹਿਲਾ ਅਧਿਆਇ ਆਪਣੇ ਭਰਾ ਵਾਂਗ ਆਪਣੇ ਪਿਤਾ ਤੋਂ ਪੜ੍ਹਿਆ ਤੇ 2018 ਵਿੱਚ ਪ੍ਰੋਫੈਸ਼ਨਲ ਕੋਚ ਸ: ਬਲਦੀਪ ਸਿੰਘ ਦੀ ਪਾਰਖੂ ਨਜ਼ਰ ਨੇ ਇਸ ਨੂੰ ਅਪਣਾ ਮੁਰੀਦ ਬਣਾਇਆ। ਕੋਚ ਸਰਦਾਰ ਬਲਦੀਪ ਸਿੰਘ ਨੇ ਉਸ ਨੂੰ ਡੀ.ਏ.ਵੀ. ਕਾਲਜ ਜਲੰਧਰ ਦੀ ਗਰਾਊਂਡ ਵਿੱਚ ਲੈ ਆਉਂਦਾ। ਸ਼ੁੱਭਕਰਮਨ ਸਿੰਘ ਨੇ ਗੋਲਾ ਸੁੱਟਣ ਤੇ ਡਿਸਕਸ ਥ੍ਰੋ ਵਿੱਚ ਕਾਫੀ ਤਗਮੇ ਜਿੱਤੇ। ਪਰ 2020 ਤੋਂ ਬਾਅਦ ਉਸ ਨੇ ਡਿਸਕਸ ਥ੍ਰੋ ਨੂੰ ਆਪਣੀ ਪੱਕੀ ਈਵੈਂਟ ਬਣਾਇਆ। ਉਸ ਵੱਲੋਂ ਹੁਣ ਤੱਕ ਜਿੱਤੇ ਨੈਸ਼ਨਲ ਮੈਡਲਾਂ ਦੀ ਡੀਟੇਲ ਹੇਠ ਲਿਖੇ ਅਨੁਸਾਰ ਹੈ :-

1. ਸਿਲਵਰ ਮੈਡਲ, ਜੂਨੀਅਰ ਨੈਸ਼ਨਲ ਗੇਮਸ 2018, ਰਾਂਚੀ, ਅੰਡਰ-16 ਈਵੈਂਟ ਗੋਲਾ।
2. ਸੀ ਬੀ ਐਸ ਈ ਸਕੂਲ ਨੈਸ਼ਨਲ ਗੇਮਸ 2019, ਛੱਤੀਸਗੜ੍ਹ/17, ਗੋਲਡ ਮੈਡਲ ਡਿਸਕਸ ਥ੍ਰੋ ਅਤੇ ਸਿਲਵਰ ਮੈਡਲ ਗੋਲਾ ਸੁੱਟਣ ਵਿੱਚ।
3. ਗੋਲਡ ਮੈਡਲ, ਜੂਨੀਅਰ ਨੈਸ਼ਨਲ ਗੇਮਸ, 2021 ਗੁਹਾਟੀ, (ਡਿਸਕਸ ਥ੍ਰੋ) ਅੰਡਰ-18 ਵਰਗ।
4. ਗੋਲਡ ਮੈਡਲ ਨੈਸ਼ਨਲ ਫੈਡਰੇਸ਼ਨ ਕੱਪ (ਅੰਡਰ-20 ਵਰਗ) 2022 ਗੁਜਰਾਤ (ਡਿਸਕਸ ਥ੍ਰੋ)।
5. ਖੇਲੋ ਇੰਡੀਆ ਯੂਥ ਨੈਸ਼ਨਲ ਗੇਮਸ - 2022, ਪੰਚਕੂਲਾ ਗੋਲਡ ਮੈਡਲ ਦੇ ਨਾਲ ਆਪਣੇ ਵਰਗ ਵਿੱਚ ਰਿਕਾਰਡ ਬਣਾਇਆ।

ਲੁਬਾਣਾ ਬਰਾਦਰੀ ਦੇ ਇਸ ਹੀਰੇ ਪੁੱਤਰ ਦੀਆਂ ਪ੍ਰਾਪਤੀਆਂ ਨੂੰ ਆਪਣੇ ਦੇਸ਼ ਵਿਦੇਸ਼ ਵਿੱਚ ਵੱਸਦੇ ਲੋਕਾਂ ਨਾਲ ਸਾਂਝਾ ਕਰਨ ਲਈ ਲੁਬਾਣਾ ਕੌਮ ਮਾਣ ਮਹਿਸੂਸ ਕਰਦੀ ਹੈ ਤੇ ਸਾਰੇ ਘੋਤੜਾ ਪਰਿਵਾਰ ਨੂੰ ਵਧਾਈ ਦਿੰਦੀ ਹੈ। ਸਾਡਾ ਇਹ ਅਦਾਰਾ ਉਸ ਲਈ ਅੰਤਰ ਰਾਸ਼ਟਰੀ ਮੁਕਾਬਲਿਆਂ ਵਿੱਚ ਮੈਡਲ ਜਿੱਤਣ ਤੇ ਉਸ ਦੀ ਚੜ੍ਹਦੀ ਕਲਾ ਲਈ ਪ੍ਰਮਾਤਮਾ ਅੱਗੇ ਅਰਦਾਸ ਵੀ ਕਰਦਾ ਹੈ।

**ਪਿਤਾ ਸੁਖਵਿੰਦਰ ਸਿੰਘ ਘੋਤੜਾ**

**ਮੋਬਾਇਲ : 9906381482**

**(ਰਾਹੀਂ ਮੇਜਰ ਨਿਰੰਜਨ ਸਿੰਘ ਮੁਲਤਾਨੀ, (ਰਿਟਾ.)**

**ਜਨਰਲ ਸਕੱਤਰ**

# ਜੀਵਨ ਵਿਕਾਸ - ਇਕ ਸੰਘਰਸ਼

## ਪਰਵੇਸ਼ਕਾ

**ਮੈਂ ਇਤਰ ਸੇ ਮਹਿਕੂੰ ਯੇਹ ਆਰਜ਼ੂ ਨਹੀਂ,**
**ਤਮੰਨਾ ਹੈ ਕਿ ਮੇਰੇ ਕਿਰਦਾਰ ਸੇ ਖੁਸ਼ਬੂ ਆਏ।**

ਪੁਸਤਕ ਜੀਵਨ ਵਿਕਾਸ-ਇਕ ਸੰਘਰਸ਼ ਇਕ ਆਤਮ ਕਥਾ ਹੈ। ਮਾਨਨੀਯ ਪ੍ਰਿੰਸੀਪਲ ਵਰਿਆਮ ਸਿੰਘ ਜੀ ਦੀ ਸਵੈ-ਜੀਵਨੀ ਹੈ ਜੋ ਉਨ੍ਹਾਂ ਦੀ ਤਕਰੀਬਨ 93 ਵਰ੍ਹਿਆਂ ਦੀ ਲੰਮੀ ਆਯੂ ਦੀ, ਤਮਾਮ ਜ਼ਿੰਦਗੀ ਦੀ ਦਾਸਤਾਂ ਹੈ, ਜੋ ਲੰਮਾ ਸਮਾਂ ਉਨ੍ਹਾਂ ਦੀ ਜੀਵਨ ਡਾਇਰੀ ਦੇ ਪੰਨਿਆਂ ਤੇ ਸੁਰੱਖਿਅਤ ਫੈਲੀ ਰਹੀ, ਸਾਂਭੀ-ਸੰਭਾਲੀ ਰਹੀ। ਹੁਣ ਫੁਰਸਤ ਦੇ ਪਲਾਂ ਵਿੱਚ ਜਦੋਂ ਆਪ ਨੂੰ ਦੁਨੀਆਂ ਦੇ ਝਮੇਲਿਆਂ, ਸਮਾਜਿਕ ਜ਼ਿੰਮੇਵਾਰੀਆਂ, ਸਰਕਾਰੀ ਫਰਜ਼ਾਂ ਅਤੇ ਪਰਿਵਾਰਕ ਰੁਝੇਵਿਆਂ ਤੋਂ ਕੁਝ ਮੁਹਲਤ ਪ੍ਰਾਪਤ ਹੋਈ ਤਾਂ ਆਪ ਜੀ ਨੇ ਉਨ੍ਹਾਂ ਪੰਨਿਆਂ ਦੀ ਪੁਕਾਰ ਸੁਣੀ ਜੋ ਆਪ ਜੀ ਦੀ ਉਮਰ ਭਰ ਦੀਆਂ ਭੁਲੀਆਂ ਵਿਸਰੀਆਂ ਯਾਦਾਂ ਦਾ ਸਰਮਾਇਆ ਬਣੇ ਚੁਪ-ਚਾਪ ਕਾਗਜ਼ਾਂ ਦੇ ਸੀਨੇ ਤੇ ਇਤਿਹਾਸ ਬਣੀ ਬੈਠੇ ਸਨ। ਇਤਿਹਾਸ ਵਰਤਮਾਨ ਦਾ ਅਗਵਾਨ ਹੈ, ਹਰਾਵਲ ਦਸਤਾ ਹੈ ਅਤੇ ਭਵਿੱਖ ਸਵਾਰਨ ਦਾ ਗਾਡੀ ਰਾਹ ਹੈ।

ਸਵੈ ਜੀਵਨੀ ਕਿਸੇ ਨਾਮਵਰ ਵਿਅਕਤੀ ਵਿਸ਼ੇਸ਼ ਦਾ ਬੀਤਿਆ, ਹੰਢਾਇਆ, ਵਰਤਿਆ-ਵਿਹਾਰਿਆ ਜੀਵਨ-ਸਮਾਂ, ਗਲ ਕੀ ਉਸ ਦਾ ਆਪਣਾ ਜੀਵਨ-ਇਤਿਹਾਸ ਹੁੰਦਾ ਹੋਇਆ ਉਸ ਦੇ ਜੀਵਨ ਵਿੱਚ ਵਾਪਰੇ ਵੱਖ-ਵੱਖ ਹਾਦਸਿਆਂ ਦੀ ਕਹਾਣੀ ਸਿਲਸਿਲੇਵਾਰ ਪ੍ਰਸਤੁਤ ਕਰਦਾ ਹੈ।

ਜੀਵਨ ਦੁੱਖਾਂ ਸੁੱਖਾਂ ਦਾ ਸਮੇਲ ਹੈ, ਇਕ ਐਸਾ ਸਮਨਵੈ ਜੋ ਦੁਨੀਆਂ ਦੀ ਹਰ ਨਰ ਨਾਰੀ ਤੇ ਮੁਤਵਾਤਰ ਵਰਪ ਰਿਹਾ ਹੈ। ਮਾਤਰਾ ਘੱਟ ਵੱਧ ਹੋ ਸਕਦੀ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਦੁਨੀਆਂ ਕੇਵਲ ਸੁੱਖਾਂ ਦਾ ਹੀ ਘਰ ਹੈ ਜਾਂ ਸੁੱਖਾਂ ਦੀ ਹੀ ਸੇਜ ਹੈ। ਸੁੱਖ ਹਨ ਤਾਂ ਦੁੱਖ ਵੀ ਅਨਵਾਰੀਯ ਹਨ। ਬਾਬਾ ਫਰੀਦ ਜੀ ਨੇ ਇਸ ਬਾਰੇ ਫੈਸਲਾ ਕੁੰਨ ਬਖਾਨ ਕੀਤਾ ਹੈ :-

**ਫਰੀਦਾ ਮੈਂ ਜਾਨਿਆ ਦੁੱਖ ਮੁਝ ਕੋ ਦੁਖ ਸਬਾਇਆ ਜਗੁ ॥**
**ਕੋਠੇ ਚੜ੍ਹ ਕੈ ਦੇਖਿਆ ਘਰੁ ਘਰੁ ਏਹਾ ਅਗੁ ॥**

**ਸਲੋਕ ਬਾਬਾ ਫਰੀਦ ਜੀ**

**ਨਾਨਕ ਦੁਖੀਆ ਸਭੁ ਸੰਸਾਰ ਸੋ ਸੁਖੀਆ ਜਿਸ ਨਾਮੁ ਆਧਾਰੁ ॥**

**ਗੁਰੂ ਨਾਨਕ ਦੇਵ ਜੀ**

ਦੁੱਖ ਔਰ ਸੁੱਖ ਜੀਵਨ ਦੇ ਦੋ ਅਹਿਮ ਪੱਖ ਹਨ। ਜੋ ਤੁਸੀਂ ਚਾਹਿਆ ਪੂਰਾ ਹੋ ਗਿਆ ਤਾਂ ਖੁਸ਼ੀ ਹੈ, ਸੁੱਖ ਹੈ, ਨਹੀਂ ਪੂਰਾ ਹੋਇਆ ਤਾਂ ਗਮੀ ਹੈ ਦੁੱਖ ਹੈ। ਜਦੋਂ ਦੁੱਖ ਹੈ ਉਦੋਂ ਸੁਖ ਪ੍ਰਾਪਤੀ ਲਈ ਕੀਤੇ ਯਤਨ, ਹੀਲੇ, ਮਿਹਨਤ ਇਤਆਦਿ ਸਭ ਸੰਘਰਸ਼ ਹੈ। ਸੋ ਇਹ ਆਤਮ-ਕਥਾ ਲੇਖਕ ਦੇ ਜੀਵਨ ਦੀ ਸੰਘਰਸ਼ਮਈ ਕਥਾ ਵੀ ਹੈ। ਸਧਾਰਨ ਵਿਅਕਤੀ ਤੋਂ ਵਿਅਕਤੀ ਵਿਸ਼ੇਸ਼ ਬਣਨ ਦਾ ਸਫ਼ਰ। ਹਰ ਰਚਨਾ ਦਾ ਰਚਨਕਾਰ ਆਪਣੀ ਰਚਨਾ ਵਿੱਚ ਆਦਿੱਸ ਰੂਪ ਵਿੱਚ ਸਮੋਇਆ ਹੁੰਦਾ ਹੈ ਅਤੇ ਉਸ ਦੀ ਹੋਂਦ ਭੌਤਕ ਰੂਪ ਵਿੱਚ ਜ਼ਾਹਿਰਾ ਤੌਰ 'ਤੇ ਪ੍ਰਗਟ ਨਹੀਂ ਹੁੰਦੀ ਪਰ ਸਵੈ-ਜੀਵਨੀ ਵਿੱਚ ਅਜਿਹਾ ਨਹੀਂ ਹੁੰਦਾ। ਏਥੇ ਤਾਂ ਲੇਖਕ ਖੁਦ-ਬ-ਖੁਦ ਜ਼ਾਤੀ ਤੌਰ 'ਤੇ ਉਤਮ-ਪੁਰਖ ਵਿੱਚ ਇਕ ਸੂਤਰਧਾਰ ਦੀ ਤਰ੍ਹਾਂ ਆਪਣੀ ਹੱਡ ਬੀਤੀ ਸਿਲਸਿਲੇ ਵਾਰ ਪਾਠਕਾਂ ਦੇ ਸਨਮੁੱਖ ਦ੍ਰਿਸ਼ਗੋਚਰ ਕਰਦਾ ਹੈ। ਬਿਨਾ ਕਿਸੇ ਰਲੇ ਤੇ ਭਿੰਨ-ਭੇਦ ਤੋਂ ਰਹਿਤ, ਇਕ ਸੱਚੇ ਸੁੱਚੇ ਦਰਸ਼ਕ ਦੀ ਤਰ੍ਹਾਂ। ਸਵੈ ਜੀਵਨੀਕਾਰ ਦਾ ਇਹ ਵੀ ਧਰਮ-ਕਰਮ ਹੈ ਕਿ ਉਹ ਆਪਣੇ ਬੀਤੇ ਦੀਆਂ ਘਟਨਾਵਾਂ ਨੂੰ ਜਿਨ੍ਹਾਂ ਨੂੰ ਉਸ ਨੇ ਉਮਰ ਭਰ ਬੜੀ ਸ਼ਿੱਦਤ ਨਾਲ ਜੀਵਿਆ ਹੁੰਦਾ ਹੈ ਤੇ ਮੁੜ ਵਕਤ ਵਿਹਾਜਣ ਤੋਂ ਬਾਅਦ ਆਪਣੀ ਯਾਦ ਦੇ ਪੰਨਿਆਂ ਨੂੰ ਫਰੋਲ ਕੇ ਉਨ੍ਹਾਂ ਨੂੰ ਤਾਜ਼ਾ ਤਰੀਨ ਕਰਕੇ ਦੁਬਾਰਾ ਪੇਸ਼ ਕਰੇ। ਇਸ ਪ੍ਰਕਿਰਿਆ ਦੀ ਸਾਧਨਾ ਦਾ ਇਲਮ ਕਾਫੀ ਮੁਸ਼ਕਲਾਂ ਭਰਪੂਰ ਹੁੰਦਾ ਹੈ। ਜ਼ਿੰਮੇਵਾਰੀ ਇਹ ਬਣਦੀ ਹੈ ਕਿ ਘਟਨਾਵਾਂ ਨੂੰ ਮੁੜ ਪੇਸ਼ ਕਰਦੇ ਵਕਤ ਉਨ੍ਹਾਂ ਨੂੰ ਉਸ ਬੀਤੇ ਵੇਲੇ ਦੇ ਸਮਾਜਿਕ ਪਰਿਪੇਖ ਅਤੇ ਪ੍ਰਕਰਣ ਵਿੱਚ ਰੱਖ ਕੇ ਪਰਖ ਕੇ ਪੇਸ਼ ਕੀਤਾ ਜਾਵੇ ਤਾਂ ਜੋ ਰਚਨਾ ਦੀ ਆਭਾ ਦੀ ਪ੍ਰਮਾਣਕਤਾ ਕਾਇਮ ਰਹਿ ਸਕੇ।

ਹਰ ਰਚਨਾ ਆਪਣੇ ਵੇਲੇ ਦੇ ਸਮਾਜ ਦਾ ਆਇਨਾ ਹੁੰਦੀ ਹੈ। ਜਿਸ ਥੀਂ ਉਸ ਵੇਲੇ ਦਾ ਸਮਾਜ ਪ੍ਰਤੀਬਿੰਬਤ ਹੁੰਦਾ ਹੈ। ਇਸ ਆਤਮ-ਕਥਾ ਨੂੰ ਪੜ੍ਹ ਕੇ ਅਸੀਂ ਸਹਿਜੇ ਹੀ ਇਸ ਤੱਥ ਤੇ ਵਿਚਾਰ ਨੂੰ ਸਾਕਾਰ ਹੁੰਦਾ ਵੇਖਦੇ ਹਾਂ।

ਪ੍ਰਿੰ. ਸਾਹਿਬ ਆਪਣੀ ਜੀਵਨ ਲੀਲ੍ਹਾ ਨੂੰ ਦਰਸਾਉਣ ਦੇ ਨਾਲ-ਨਾਲ ਉਸ ਵੇਲੇ ਦੇ ਸਮਾਜਿਕ, ਰਾਜਨੀਤਕ, ਆਰਥਿਕ, ਨੈਤਿਕ ਅਤੇ ਵਿਦਿਅਕ ਹਾਲਤਾਂ ਦਾ ਬਿਆਨ ਕਰਦੇ ਕਰਦੇ ਸਾਡੀ ਪੰਜਾਬੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਮੁਤਵਾਤਰ ਕਰਦੇ ਜਾਂਦੇ ਹਨ।

**ਡਾ. ਤਰਲੋਕ ਸਿੰਘ**
**ਡੀਨ ਚੰਡੀਗੜ੍ਹ ਯੂਨੀਵਰਸਿਟੀ**
**(ਸਾਬਕਾ ਕਾਲਜ ਪ੍ਰਿੰਸੀਪਲ)**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਘਰ ਵਿਚ ਲੱਗੇ ਕੁਝ ਪੇੜ ਪੌਦੇ

ਰੁੱਖਾਂ ਬਾਬਤ ਸ਼ਿਵ ਕੁਮਾਰ ਬਟਾਲਵੀ ਨੇ ਬੜਾ ਖੂਬ ਕਿਹਾ ਹੈ –

**ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ।**
**ਕੁਝ ਰੁੱਖ ਨੂੰਹਾਂ ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ।**

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਹੋਇਆ ਹੈ ਕਿ ਘਰ ਬਣਾਉਣ ਲਈ ਪਲਾਟ ਕਪੂਰਥਲਾ ਡਿਪਟੀ ਕਮਿਸ਼ਨਰ ਦੇ ਬੰਗਲੇ ਲਾਗੇ ਮਹਾਰਾਜਾ ਦੇ ਵੇਲੇ ਦੇ ਲੱਗੇ ਅਮੱਲਤਾਸ ਰੁੱਖਾਂ ਦੇ ਪੀਲੇ ਫੁੱਲਾਂ ਵਾਲੀ ਸੜਕ ਤੇ ਮਿਲ ਗਿਆ ਸੀ। ਕਿਹਾ ਜਾਂਦਾ ਹੈ ਕਿ ਪੀਲੇ ਫੁੱਲਾਂ ਵਾਲੇ ਅਮੱਲਤਾਸ ਅਤੇ ਲਾਲ ਫੁੱਲਾਂ ਵਾਲੇ ਗੁਲਮੁਹਰ ਦੇ ਲੱਗੇ ਰੁੱਖਾਂ ਦਾ ਮੇਲ ਹਰ ਸੜਕ ਨੂੰ ਸੁੰਦਰ ਬਣਾ ਦੇਂਦਾ ਹੈ। ਮੈਨੂੰ ਰੱਬ ਵੱਲੋਂ ਬਚਪਨ ਤੋਂ ਹੀ ਰੁੱਖਾਂ ਤੇ ਫੁੱਲਾਂ ਨਾਲ ਪਿਆਰ ਸੀ। ਮੈਨੂੰ ਯਾਦ ਹੈ ਕਿ ਪਿੰਡ ਦੇ ਸਕੂਲ ਵਿਚ ਲੱਗੇ (Calendula) ਗੁਲੇ ਅਸ਼ਰਫੀ ਫੁੱਲਾਂ ਦੀਆਂ ਕਿਆਰੀਆਂ ਵਿਚ ਪਾਉਣ ਲਈ ਬੱਕਰੀਆਂ ਦੀ ਰੂੜੀ ਪਿੰਡ ਵਿਚ ਬੱਕਰੀਆਂ ਵਾਲੇ ਘਰ ਤੋਂ ਲਿਆਇਆ ਕਰਦੇ ਸਾਂ। ਪਿੰਡ ਵਿਚ ਆਪਣੀ ਪਸ਼ੂਆਂ ਲਈ ਨਵੀਂ ਹਵੇਲੀ ਵਿਚ ਛਾਂ ਲਈ ਕਿਕਰਾਂ ਦੇ ਬੂਟੇ ਲਾ ਕੇ ਉਨ੍ਹਾਂ ਨੂੰ ਪਾਣੀ ਮੈਂ ਹੀ ਪਾਉਂਦਾ ਸਾਂ। ਮੇਰੇ ਬਾਪੂ (ਦਾਦਾ) ਜੀ ਨੇ ਆਪਣੇ ਖੂਹ ਤੇ ਕਿੱਕਰ ਅਤੇ ਟਾਹਲੀ ਦੇ ਛਾਂਦਾਰ ਰੁੱਖਾਂ ਦੇ ਬੂਟੇ ਮੇਰੇ ਹੱਥੋਂ ਹੀ ਲਗਵਾਏ ਸਨ।

ਸਰਵਿਸ ਦੌਰਾਨ ਸਿਰਮੌਰ ਯੂਨੀਵਰਸਿਟੀਆਂ ਅਤੇ ਪੰਜਾਬ ਦੇ ਚੋਟੀ ਦੇ ਸਰਕਾਰੀ ਕਾਲਜਾਂ ਨਾਲ ਜੁੜੇ ਰਹਿਣ ਸਦਕਾ ਰੁੱਖਾਂ ਅਤੇ ਬੂਟਿਆਂ ਨਾਲ ਪਿਆਰ ਹੋਰ ਵੱਧਦਾ ਗਿਆ। ਇਸ ਵਿਚ ਮੇਰਾ ਜੀਵਨ ਸਾਥੀ ਵੀ ਮੇਰੇ ਨਾਲ ਸ਼ਾਮਲ ਹੋ ਗਿਆ। ਚੰਡੀਗੜ੍ਹ ਵਿਖੇ ਪੰਜਾਬ ਇੰਜੀਨੀਅਰਿੰਗ ਕਾਲਜ ਵੱਲੋਂ ਸੈਕਟਰ 11 ਦੇ 576 ਨੰ. ਘਰ ਵਿਚ ਫੁੱਲ ਬੂਟੇ ਲਾਉਣ ਲਈ ਪਿਛਲੇ ਪਾਸੇ ਖੁੱਲ੍ਹਾ ਵਿਹੜਾ ਸੀ। ਗੁਰੂ ਨਾਨਕ ਕਾਲਜ ਨਡਾਲਾ ਵਿਚ ਚੰਡੀਗੜ੍ਹ ਦੇ ਰੋਜ਼ ਗਾਰਡਨ ਅਤੇ ਸੈਕਟਰ 23 ਦੀ ਨਰਸਰੀ ਤੋਂ ਗੁਲਾਬ ਅਤੇ ਕੈਕਟਸ ਦੇ ਪੌਦੇ ਲਿਆ ਕੇ ਲਾਏ ਗਏ ਪਰ ਕਲਰਾਠੀ ਜ਼ਮੀਨ ਨੇ ਪੇਸ਼ ਨਾ ਜਾਣ ਦਿੱਤੀ।

ਅਮਨ ਨਗਰ ਦੇ ਇਸ ਘਰ ਵਿਚ ਅੱਗੇ-ਪਿੱਛੇ ਛੱਡੇ ਵਿਹੜਿਆਂ ਵਿਚ ਘਾਦਾਰ ਲਾਅਨ ਅਤੇ ਫੁੱਲ ਬੂਟੇ ਲਾਉਣ ਦਾ ਅਵਸਰ ਅਤੇ ਖੁੱਲ੍ਹਾ ਸਮਾਂ ਮਿਲ ਗਿਆ। ਘਰ ਦੇ ਬਾਹਰ ਵਾਰ ਇਕ ਛੋਟਾ ਜਿਹਾ ਕਿਚਨ ਗਾਰਡਨ ਵੀ ਹੈ ਜਿਥੇ ਕੁਝ ਮੌਸਮੀ ਸਬਜ਼ੀਆਂ ਲੱਗੀਆਂ ਵਿਖਾਈ ਦਿੰਦੀਆਂ ਹਨ। ਇਨ੍ਹਾਂ ਫੁੱਲ ਬੂਟਿਆਂ ਦੀ ਦੇਖ-ਰੇਖ ਦਾ ਸਿਹਰਾ ਬੀਬੀ ਸੁਰਜੀਤ ਕੌਰ ਨੂੰ ਜਾਂਦਾ ਹੈ। ਉਹ ਫੁੱਲ ਬੂਟਿਆਂ ਨੂੰ ਬਹੁਤ ਪਿਆਰ ਕਰਦੇ ਸਨ। ਮਾਲੀ ਦੇ ਅਕਸਰ ਵੇਲੇ ਸਿਰ ਨਾ ਆਉਣ ਕਰਕੇ ਖੁਦ ਆਪ ਖੁਰਪਾ, ਕੱਟਰ ਅਤੇ ਪਾਣੀ ਵਾਲੀ ਪਾਈਪ ਫੜ ਕੇ ਅੱਗੇ ਹੁੰਦੇ ਸਨ। ਸੰਨ 2000 ਅਤੇ 2001 ਵਿਚ ਦੋ ਸਾਲ ਲਗਾਤਾਰ ਘਰ ਵਿਚ ਲੱਗੇ ਫੁੱਲ ਬੂਟਿਆਂ ਨਾਲ ਰੈਡ ਕਾਸ ਭਵਨ ਵਿਖੇ ਫਲਾਵਰ ਸ਼ੋ ਮੁਕਾਬਲੇ ਵਿਚ ਢੇਰ ਸਾਰੇ ਇਨਾਮ ਜਿੱਤਦੇ ਰਹੇ। ਫੁਲ ਤੋੜਨ ਵਾਲੇ ਬੱਚਿਆਂ ਅਤੇ ਵੱਡਿਆਂ ਨੂੰ ਭਾਈ ਵੀਰ ਸਿੰਘ ਜੀ ਦੀ ਫੁਲਾਂ ਬਾਰੇ ਲਿਖੀ ਕਵਿਤਾ ਦੀਆਂ ਲਾਈਨਾਂ ਸੁਣਾਇਆ ਕਰਦੇ ਸਨ–

**ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹਟ ਮਹਿਕ ਦੀ ਲਾਈ।**
**ਲੱਖ ਗਾਹਕ ਜੇ ਸੁੰਘੇ ਆ ਕੇ, ਖਾਲੀ ਇਕ ਨਾ ਜਾਈ।**
**ਤੂੰ ਜੇ ਇਕ ਤੋੜ ਕੇ ਲੈ ਗਿਉਂ, ਇਕ ਜੋਗਾ ਰਹਿ ਜਾਸਾਂ।**
**ਉਹ ਭੀ ਪਲਕ-ਝਲਕ ਦਾ ਮੇਲਾ, ਰੂਪ ਮਹਿਕ ਨਸ ਜਾਈ।**

ਘਰ ਵਿਚ ਇਸ ਵੇਲ ਮੌਸਮੀ ਫੁਲਾਂ ਦੇ ਨਾਲ-ਨਾਲ ਤਿੰਨ ਫਲਦਾਰ ਅਤੇ ਲੱਗਭਗ ਇਕ ਦਰਜਨ ਸਜਾਵਟੀ ਪੇੜ-ਪੌਦੇ ਹਨ।

**ਸਾਈਕਸ ਪਾਮ (Sycas Palm) ਕੰਗੀ ਪਾਮ** - ਘਰ ਦੇ ਲਾਅਨ ਵਿਚ ਲੱਗਾ ਇਹ ਪਾਮ 1970 ਤੋਂ ਵੀ ਪਹਿਲਾਂ ਦਾ ਸਾਡੇ ਨਾਲ ਰਿਹਾ ਹੈ। ਇਕ ਵਾਰੀ ਦਿੱਲੀ ਗਈ ਮੇਰੀ ਪਤਨੀ ਨੂੰ ਮੇਰੇ ਮਿੱਤਰ ਸੰਧੂ ਜੀ ਦੀ ਮਿਸਜ਼ ਨੇ ਇਹ ਇਕ ਛੋਟੇ ਜਿਹੇ ਗਮਲੇ ਵਿਚ ਲਾ ਕੇ ਗਿਫਟ ਵਜੋਂ ਦਿੱਤਾ ਸੀ। ਹੁਣ ਇਹ ਪਰਿਵਾਰ ਦਾ ਇਕ ਮੈਂਬਰ ਹੈ। ਇਸ ਵਿੱਚੋਂ ਨਿਕਲੇ ਛੋਟੇ ਪੌਦੇ ਸਾਰੇ ਬੱਚਿਆਂ ਅਤੇ ਦੋਸਤਾਂ ਮਿੱਤਰਾਂ ਦੇ ਘਰਾਂ ਵਿਚ ਜਾ ਕੇ ਸਜਾਵਟੀ ਪਾਮ ਬਣੇ ਬੈਠੇ ਨੇ। ਇਸ ਦੇ ਗੂਹੜੇ ਹਰੇ ਰੰਗ ਦੇ ਚਮਕੀਲੇ ਸੁੰਦਰ ਪੱਤਿਆਂ ਦੀ ਗੁਲਦਸਤੇ ਬਨਾਉਣ ਵਾਲਿਆਂ ਵੱਲੋਂ ਸਾਰਾ ਸਾਲ ਬੜੀ ਮੰਗ ਰਹਿੰਦੀ ਹੈ। ਇਕ ਹੋਰ ਸਧਾਰਨ ਪਾਮ ਦਾ ਪੌਦਾ ਗਮਲੇ ਵਿਚੋਂ ਕੱਢ ਕੇ ਜ਼ਮੀਨ ਵਿਚ ਗੱਡ ਦਿੱਤਾ ਸੀ। ਜੋ ਹੁਣ 15 ਫੁੱਟ ਉੱਚਾ ਮੋਟਾ ਰੁੱਖ ਬਣ ਗਿਆ ਹੈ। ਪਾਮ ਬਹੁਤੀ ਛੇੜ-ਛਾੜ ਨੂੰ ਪਸੰਦ ਨਹੀਂ ਕਰਦੇ।

**ਬਾਟਲ ਬਰੱਸ (Bottle Brush)** - ਘਰ ਤੋਂ ਬਾਹਰ ਗੇਟ ਤੇ ਘਰ ਆਉਣ ਵਾਲਿਆਂ ਨੂੰ ਸਿਰ ਝੁਕਾ ਕੇ ਜੀ ਆਇਆਂ ਕਹਿੰਦਾ ਹੈ। ਇਸ ਨੂੰ ਸਾਲ ਵਿਚ ਦੋ ਵਾਰ ਫੁੱਲ ਲੱਗਦੇ ਹਨ। ਅਪ੍ਰੈਲ-ਮਈ ਵਿਚ ਫੁੱਲਾਂ ਨਾਲ ਲੱਦੇ ਇਸ ਬੂਟੇ ਨੂੰ ਰਾਹੀ ਰੁਕ-ਰੁਕ ਕੇ ਵੇਖਦੇ ਹਨ। ਵਣ ਵਿਭਾਗ ਵਾਲੇ ਇਸ ਬੂਟੇ ਤੇ ਆਪਣਾ ਨੰਬਰ ਲਾ ਗਏ ਹਨ।

**ਕਰਿਸਮੱਸ ਟਰੀ (X-Max Tree)** - ਘਰ ਦੇ ਦੂਜੇ ਗੇਟ ਵੱਲ ਇਕ ਬਹੁਤ ਹੀ ਸੁੰਦਰ ਅਤੇ ਹਰਿਆ-ਭਰਿਆ ਕਰਿਸਮੱਸ ਰੁੱਖ ਹੈ ਜੋ ਘਰ ਦੀ ਸ਼ਾਨ ਨੂੰ ਦੋ-ਬਾਲਾ ਕਰਦਾ ਹੈ ਅਤੇ ਮਾਲੀ ਲਈ ਮਾਨ ਵਾਲੀ ਗੱਲ ਹੈ। ਉਸ ਦੇ ਨਾਲ ਹੀ ਇਕ 20 ਫੁੱਟ ਉੱਚਾ ਸਾਫ਼-ਸੁਥਰਾ ਪਾਮ ਦਾ ਰੁੱਖ ਹੈ ਜੋ ਗਮਲੇ ਵਿਚੋਂ ਕੱਢ ਕੇ ਲਾਇਆ ਗਿਆ ਸੀ ਪਰ ਹੁਣ ਵਧਣੋਂ ਰੁਕਣ ਦਾ ਨਾਂ ਨਹੀਂ ਲੈਂਦਾ।

**ਹਬਿਸਕੱਸ (Hibiscus)** - ਇਸ ਨੂੰ (China Rose) ਵੀ ਕਹਿੰਦੇ ਹਨ।

# ਆਪਣਿਆਂ ਹੱਥੋਂ ਹਾਰੇ ਰਿਸ਼ਤੇ !

ਕਰਮਜੀਤ ਕੌਰ

ਗੂੜ੍ਹੀ ਸਾਂਝ ਪਿਆਰ ਤੇ ਸਨੇਹ ਵਾਲੇ ਰਿਸ਼ਤੇ ਕਦੇ ਤਿੜਕਦੇ ਨਹੀਂ ਬਹੁਤ ਸੁਣਿਆ ਸੀ ਪਰ ਵਕਤ ਦੀ ਮਾਰ ਦਾ ਕੁਝ ਪਤਾ ਨਹੀਂ ਲੱਗਦਾ ਕੀ ਤੋਂ ਕੀ ਹੋ ਜਾਂਦਾ ਹੈ। ਜਿਨਾਂ ਦੀਆਂ ਕਦੇ ਉਦਾਹਰਨਾਂ ਦੇ ਕੇ ਬਜ਼ੁਰਗ ਜਿਸ ਘਰ ਦੀਆਂ ਸਲੋਹਤਾਂ [ਸਿਫਤਾਂ] ਕਰਦੇ ਕਦੇ ਨਹੀਂ ਥੱਕਦੇ। ਫਿਰ ਅਚਾਨਕ ਅਜਿਹੇ ਘਰਾਂ ਦੇ ਰਿਸ਼ਤੇ ਜਦੋਂ ਤਿੜਕਦੇ ਨੇ ਤਾਂ ਸਾਰੇ ਇਹ ਕਹਿ ਕੇ ਪਾਸਾ ਵੱਟਦੇ ਹਨ ਕਿ ਇਹ ਤਾਂ ਘਰ-ਘਰ ਦੀ ਕਹਾਣੀ ਹੈ। ਜੋ ਭਰਾ ਛੋਟੇ ਹੁੰਦਿਆਂ ਇੱਕ ਦੂਜੇ ਦੀ ਜਿੰਦ-ਜਾਨ ਤੇ ਮਾਪਿਆਂ ਦੀ ਅੱਖ ਦਾ ਤਾਰਾ ਹੋਇਆ ਕਰਦੇ ਸੀ ਅਚਾਨਕ ਇੱਕ ਦੂਜੇ ਨੂੰ ਦੇਖਣਾ ਪਸੰਦ ਨਹੀਂ ਕਰਦੇ। ਰਿਸ਼ਤੇ ਤਾਂ ਉਹੀ ਨੇ ਜੋ ਪਹਿਲਾ ਨਿਭਾਏ ਜਾਂਦੇ ਸੀ ਪਰ ਹੁਣ ਅਸੀਂ ਉਨ੍ਹਾਂ ਖੂਨ ਦੇ ਰਿਸ਼ਤਿਆਂ ਜਾ ਗੂੜ੍ਹੇ ਰਿਸ਼ਤਿਆਂ ਨਾਲੋਂ ਆਨਲਾਈਨ ਰਿਸ਼ਤਿਆ ਨੂੰ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਹੈ।



ਸਾਰਾ ਦਿਨ ਫੋਨ ਦੇ ਫੇਸਬੁੱਕ, ਇੰਸਟਾਗ੍ਰਾਮ, ਟੈਲੀਗ੍ਰਾਮ ਬਹੁਤ ਸਾਰੇ ਸ਼ੋਸ਼ਲ ਐਪਸ ਤੇ ਨਵੇਂ ਰਿਸ਼ਤੇ ਬਣਾ ਕੇ ਖੁਸ਼ ਹੁੰਦੇ ਹਾਂ। ਜਦੋਂ ਹਕੀਕਤ ਵਿੱਚ ਦੁੱਖ-ਸੁੱਖ ਦੀ ਸਾਂਝ ਕਰਨੀ ਹੁੰਦੀ ਹੈ ਤਾਂ ਬਹੁਤ ਘੱਟ ਸ਼ੋਸ਼ਲ ਐਪਸ ਵਾਲੇ ਬਣਾਏ ਦੋਸਤ, ਮਿੱਤਰ ਨਾਲ ਖੜ੍ਹਦੇ ਹਨ। ਜਿਨ੍ਹਾਂ ਰਿਸ਼ਤਿਆਂ ਦੀ ਅਸੀਂ ਕਦਰ ਕਰਨੀ ਹੁੰਦੀ ਹੈ ਉਨ੍ਹਾਂ ਰਿਸ਼ਤਿਆਂ ਤੋਂ ਤਾਂ ਅਸੀਂ ਕਤਾਹੀ ਕਰਦੇ ਹਾਂ। ਸੋਚਦੇ ਹਾਂ ਕਿ ਮੇਰੇ ਨਾਲ ਤਾਂ ਸ਼ੋਸ਼ਲ ਮੀਡੀਆ ਵਾਲੇ ਬਹੁਤ ਸਾਰੇ ਦੋਸਤ ਹਨ। ਅਸੀਂ ਚਾਹੇ ਇੱਕ ਕਮਰੇ ਵਿਚ ਹੀ ਬੈਠੇ ਹੋਈਏ ਆਪਸ ਵਿੱਚ ਗੱਲਬਾਤ ਕਰਨ ਦੀ ਬਜਾਏ ਅਸੀਂ ਆਪਣੇ ਆਪਣੇ ਫੋਨਾਂ ਵਿੱਚ ਮਸਤ ਰਹਿੰਦੇ ਹਾਂ। ਸਾਡੇ ਪਰਿਵਾਰ ਵਿੱਚ ਕੀ ਚੱਲ ਰਿਹਾ ਹੈ ਬੇਖ਼ਬਰ ਹੋ ਜਾਂਦੇ ਹਾਂ। ਵੈਸੇ ਸਾਰੇ ਇਨਸਾਨ ਇੱਕੋ ਜਿਹੇ ਨਹੀਂ ਹੁੰਦੇ ਬਹੁਤ ਸਾਰੇ ਰਿਸ਼ਤਿਆਂ ਵਿੱਚ ਸੰਤੁਲਨ ਬਣਾ ਕੇ ਚੱਲਦੇ ਹਨ ਪਰ ਜ਼ਿਆਦਾਤਰ ਆਨਲਾਈਨ ਰਿਸ਼ਤਿਆਂ ਵਾਲੇ ਅਸਲ ਰਿਸ਼ਤਿਆਂ ਤੋਂ ਦੂਰ ਹੋ ਜਾਂਦੇ ਹਨ।

ਰਿਸ਼ਤੇ ਬਹੁਤ ਨਾਜ਼ੁਕ ਹੁੰਦੇ ਨੇ ਤੇ ਰਿਸ਼ਤੇ ਵਕਤ ਮੰਗਦੇ ਹਨ। ਜਦੋਂ ਅਸੀਂ ਰਿਸ਼ਤਿਆਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਹਾਂ ਤਾਂ ਇਹ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਰਿਸ਼ਤੇ ਵਿਸ਼ਵਾਸ਼ ਦੀ ਬੁਨਿਆਦ ਤੇ ਹੀ ਨਿਰਭਰ ਕਰਦੇ ਨੇ ਜਿਵੇਂ ਹੀ ਵਿਸ਼ਵਾਸ ਦੀ ਕੰਧ ਤਿੜਕਣ ਲੱਗੇ ਜਾ ਗ਼ਲਤ ਫ਼ਹਿਮੀਆਂ ਵੀ ਰਿਸ਼ਤਿਆਂ ਵਿੱਚ ਖਟਾਸ ਪੈਦਾ ਕਰ ਦਿੰਦੀਆਂ ਹਨ। ਰਿਸ਼ਤੇ ਉਹ ਸੰਜੀਵਨੀ ਬੂਟੇ ਵਰਗੇ ਹਨ ਜੇਕਰ ਪਾਣੀ ਪਾਉਂਦੇ ਰਹੋਗੇ ਤਾਂ ਇਹ ਹਰੇ ਭਰੇ ਤੇ ਸੁਗੰਧਾ ਵੰਡਦੇ ਰਹਿਣਗੇ। ਜਦੋਂ ਪਰਿਵਾਰ ਵਿਚ ਰਿਸ਼ਤਿਆਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ ਤਾਂ ਵੱਡੀ ਤੋਂ ਵੱਡੀ ਮੁਸ਼ਕਿਲ ਮੂਹਰੇ ਡਟਿਆਂ ਜਾ ਸਕਦਾ ਹੈ।

ਆਪਣਿਆ ਦੇ ਹੱਥੋਂ ਹੀ ਰਿਸ਼ਤਿਆਂ ਨੂੰ ਅਸੀਂ ਹਾਰਦੇ ਦੇਖਿਆ ਹੈ। ਕਈ ਵਾਰ ਅਸੀਂ ਗਲਤਫਹਿਮੀਆਂ, ਛੋਟੇ-ਛੋਟੇ ਰੋਸੇ, ਆਪਸੀ ਤਕਰਾਰ ਦਾ ਸ਼ਿਕਾਰ ਹੋ ਕੇ ਰਿਸ਼ਤਿਆਂ ਹੱਥੋਂ ਹਾਰ ਜਾਂਦੇ ਹਨ। ਨਰਾਜ਼ਗੀ ਹੋਣ ਤੇ ਇਕ ਦੂਜੇ ਨੂੰ ਮਨਾਉਣ, ਨੇੜਤਾ ਕਰਨ ਦੀ ਬਜਾਏ ਅਸੀਂ ਆਪ ਹੀ ਉਨ੍ਹਾਂ ਰਿਸ਼ਤਿਆਂ ਦਾ ਵੀ ਕਤਲ ਕਰ ਦਿੰਦੇ ਹਾਂ ਜੋ ਬਹੁਤ ਚੰਗੇ ਨਿਭ ਸਕਦੇ ਨੇ। ਅਸੀਂ ਪਹਿਲ ਕਦਮੀ ਨਹੀਂ ਕਰਦੇ ਇਕ ਦੂਜੇ ਵੱਲ ਦੇਖਦੇ ਹਾਂ ਕਿ ਮੈਨੂੰ ਇਸ ਨੇ ਬੁਲਾਇਆ ਨਹੀਂ ਤਾਂ ਮੈਂ ਕਿਉਂ ਬੁਲਾਵਾਂ। ਜਦ ਕਿ ਹਾਲਾਤ ਨਾਜ਼ੁਕ ਹੋਣ ਕਰਕੇ ਅਸੀਂ ਦੂਰ ਹੋ ਜਾਂਦੇ ਹਾਂ। ਕੋਸ਼ਿਸ਼ ਨਹੀਂ ਕਰਦੇ ਕਿ ਵਿਚਾਰ ਕੀਤੀ ਜਾਵੇ ਜਿੰਨੀ ਅਸੀ ਸਮਝ ਰਹੇ ਸੀ ਓਨੀ ਵੱਡੀ ਗੱਲ ਸੀ ਜਾ ਨਹੀਂ।

ਜੇਕਰ ਰਿਸ਼ਤਿਆਂ ਦੀ ਮਾਲਾ ਦਾ ਇੱਕ ਵੀ ਮਣਕਾ ਬਿਖਰ ਜਾਏ ਤਾਂ ਇਹ ਮਾਲਾ ਅਧੂਰੀ ਜਾਪਦੀ ਹੈ, ਜਿਵੇਂ ਇੱਕ ਫੁੱਲ ਨਾਲ ਬਾਗ਼ ਨਹੀਂ ਬਣਦਾ ਉਸ ਤਰ੍ਹਾਂ ਹੀ ਮਾਮੇ, ਭੂਆ, ਮਾਸੀ, ਚਾਚੇ, ਤਾਇਆ ਨਾਲ ਪਰਿਵਾਰ ਬਣਦਾ, ਰਲ ਕੇ ਬੈਠਾਂਗੇ ਤਾਂ ਹੀ ਜ਼ਿੰਦਗੀ ਜਿਉਣ ਦਾ ਅਲੱਗ ਹੀ ਸੁਆਦ ਹੈ।

# ਆਓ ਜਾਣੀਏ !


ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਭਾਖੜਾ ਨੰਗਲ ਯੋਜਨਾ ਕਿਹੜੇ ਖੇਤਰ ਨੂੰ ਬਿਜਲੀ ਸਪਲਾਈ ਕਰਦੀ ਹੈ?
   ੳ) ਪੰਜਾਬ ਤੇ ਹਰਿਆਣਾ    ਅ) ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ
   ੲ) ਦਿੱਲੀ    ਸ) ਉਪਰੋਕਤ ਸਾਰੇ
2. ਸਰਹੰਦ ਨਹਿਰ ਦਾ ਜਨਮ ਸਥਾਨ ਕਿਹੜੇ ਜ਼ਿਲ੍ਹੇ ਵਿਚ ਹੋ?
   ੳ) ਗੁਰਦਾਸਪੁਰ    ਅ) ਰੂਪਨਗਰ
   ੲ) ਹੁਸ਼ਿਆਰਪੁਰ    ਸ) ਪਠਾਨਕੋਟ
3. ਪੰਜਾਬ ਦੀ ਸਭ ਤੋਂ ਲੰਬੀ ਨਹਿਰ ਕਿਹੜੀ ਹੈ?
   ੳ) ਬਿਸਤ ਦੁਆਬ ਨਹਿਰ    ਅ) ਬਿਕਾਨੇਰ ਨਹਿਰ
   ੲ) ਸਰਹੰਦ ਨਹਿਰ    ਸ) ਅੱਪਰ ਬਾਰੀ ਦੋਆਬ ਨਹਿਰ
4. ਪੰਜਾਬ ਦੇ ਕਿਹੜੇ ਦਰਿਆ ਵਿਚੋਂ ਸਭ ਤੋਂ ਵੱਧ ਨਹਿਰਾਂ ਨਿਕਲਦੀਆਂ ਹਨ?
   ੳ) ਰਾਵੀ    ਅ) ਸਤਲੁਜ
   ੲ) ਘੱਗਰ    ਸ) ਬਿਆਸ
5. ਸ਼ਾਹ ਨਹਿਰ ਕਿਹੜੇ ਦਰਿਆ ਵਿਚੋਂ ਕੱਢੀ ਗਈ ਹੈ?
   ੳ) ਸਤਲੁਜ    ਅ) ਰਾਵੀ
   ੲ) ਬਿਆਸ    ਸ) ਘੱਗਰ
6. ਪੰਜਾਬ ਵਿਚ ਸਭ ਤੋਂ ਵੱਡਾ ਮਿਲਕ ਪਲਾਂਟ ਕਿੱਥੇ ਹੈ?
   ੳ) ਅੰਮ੍ਰਿਤਸਰ    ਅ) ਪਟਿਆਲਾ
   ੲ) ਜਲੰਧਰ    ਸ) ਮੋਗਾ
7. ਪੰਜਾਬ ਦੀ ਇਲੈਕਟਰੋਨਿਕ ਨਗਰੀ ਕਿਸ ਨੂੰ ਕਿਹਾ ਜਾਂਦਾ ਹੈ?
   ੳ) ਲੁਧਿਆਣਾ    ਅ) ਰੂਪਨਗਰ
   ੲ) ਪਟਿਆਲਾ    ਸ) ਐਸ.ਏ.ਐਸ. ਨਗਰ
8. ਪਹਿਲੀ ਨਵੰਬਰ 1966 ਨੂੰ ਬਣੇ ਪੰਜਾਬ ਦੇ ਕਿੰਨੇ ਜ਼ਿਲ੍ਹਾ ਸਨ?
   ੳ) 11    ਅ) 15
   ੲ) 13    ਸ) 14
9. ਪੰਜਾਬ ਵਿਚ ਪ੍ਰਤੀ ਹੈਕਟੇਅਰ ਖਾਦ ਦੀ ਵਰਤੋਂ ਕਿੰਨੀ ਹੁੰਦੀ ਹੈ?
   ੳ) 135.46 ਕਿਲੋ ਹੈਕਟੇਅਰ    ਅ) 223.46 ਕਿਲੋ ਹੈਕਟੇਅਰ
   ੲ) 220.15 ਕਿਲੋ ਹੈਕਟੇਅਰ    ਸ) 250 ਕਿਲੋ ਹੈਕਟੇਅਰ
10. ਪਾਕਿਸਤਾਨ ਨਾਲ ਪੰਜਾਬ ਦੇ ਕਿੰਨੇ ਜ਼ਿਲ੍ਹਿਆਂ ਦੀਆਂ ਹੱਦਾਂ ਲੱਗਦੀਆਂ ਹਨ?
   ੳ) 8    ਅ) 5
   ੲ) 6    ਸ) 7

ਉੱਤਰ – (1)ਸ (2)ਅ (3)ੲ (4)ਅ (5)ੲ (6)ਸ (7)ਸ (8)ੳ (9)ਸ (10)ੲ

## ਸਿੱਖ ਸ਼ਖ਼ਸ਼ੀਅਤ

# ਸਿਰਮੌਰ ਸ਼ਖ਼ਸ਼ੀਅਤ ਭਾਈ ਕਾਹਨ ਸਿੰਘ ਨਾਭਾ



**ਭਾਈ ਕਾਹਨ ਸਿੰਘ ਨਾਭਾ** (1861-1938) - ਭਾਈ ਕਾਹਨ ਸਿੰਘ ਸਿੱਖ ਧਰਮ ਦੇ ਇਕ ਮਹਾਨ ਵਿਦਵਾਨ, ਉਚਕੋਟੀ ਦੇ ਪ੍ਰਤਿਭਾਸ਼ੀਲ ਵਿਅਕਤੀ, ਕੋਸ਼ਕਾਰ ਅਤੇ ਵਿਸ਼ਵ-ਕੋਸ਼ਕਾਰ ਸਨ। ਉਨ੍ਹਾਂ ਨੇ ਕੋਈ ਰਸਮੀ ਵਿਦਿਆ ਪ੍ਰਾਪਤੀ ਨਹੀਂ ਕੀਤੀ ਪਰੰਤੂ ਗਿਆਨ ਦੇ ਬਹੁਤ ਸਾਰੇ ਖੇਤਰਾਂ ਦਾ ਅਧਿਐਨ ਕੀਤਾ। ਦਸ ਸਾਲ ਦੀ ਉਮਰ ਵਿਚ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਤੁਕਾਂ ਦਾ ਬਿਨਾਂ ਰੋਕ ਟੋਕ ਦੇ ਹਵਾਲੇ ਦੇ ਸਕਦੇ ਸਨ। ਉਨ੍ਹਾਂ ਨੇ ਧਰਮ, ਵਿਆਕਰਣ, ਨਿਆਏ ਅਤੇ ਵੇਦਾਂਤਾ ਆਦਿ ਦਾ ਅਧਿਐਨ ਕੀਤਾ ਅਤੇ ਫ਼ਾਰਸੀ ਦੀ ਸਿਖਿਆ ਗਿਆਨੀ ਸੰਤ ਸਿੰਘ ਕੋਲੋਂ ਪ੍ਰਾਪਤ ਕੀਤੀ ਜਦ ਕਿ ਭਾਈ ਭੂਪ ਨੇ ਉਨ੍ਹਾਂ ਨੂੰ ਪੰਜਾਬੀ ਅਤੇ ਸਿੱਖ ਗ੍ਰੰਥਾਂ ਬਾਰੇ ਜਾਣਕਾਰੀ ਦਿੱਤੀ। ਕਾਵਿ ਸ਼ਾਸਤਰ ਦਾ ਅਧਿਐਨ ਉਨ੍ਹਾਂ ਨੇ ਗਵਾਲ ਪਾਸੋਂ ਕੀਤਾ ਅਤੇ ਸੰਗੀਤ ਦਾ ਅਭਿਆਸ ਸੰਤ ਗੱਜਾ ਸਿੰਘ ਜੀ ਪਾਸੋਂ ਕੀਤਾ। ਇਹ ਭਾਰਤ ਦੇ ਚੋਣਵੇਂ ਤਾਊਸ ਦੇ ਮਾਹਿਰ ਹੋਏ ਹਨ। ਉਨ੍ਹਾਂ ਨੇ ਸੰਸਕ੍ਰਿਤ ਅਤੇ ਅੰਗਰੇਜ਼ੀ ਦਾ ਲੋੜੀਂਦਾ ਗਿਆਨ ਵੀ ਪ੍ਰਾਪਤ ਕੀਤਾ।

ਭਾਈ ਕਾਹਨ ਸਿੰਘ ਨੇ ਧਰਮ-ਸ਼ਾਸ਼ਤਰ 'ਤੇ ਕਿਤਾਬਾਂ ਲਿਖੀਆਂ ਜਿਹਦੇ ਵਿਚ 'ਗੁਰਮਤ ਪਰਭਾਕਰ' ਅਤੇ 'ਗੁਰਮਤ ਸੁਧਾਕਰ' ਸ਼ਾਮਲ ਹਨ। ਪਰੰਤੂ ਭਾਈ ਕਾਹਨ ਸਿੰਘ ਦੀ ਮਹਾਨ ਦੇਣ 3338 ਸਫ਼ਿਆਂ ਵਾਲਾ ਚਾਰ ਜਿਲਦਾਂ ਵਿਚ 'ਮਹਾਨ ਕੋਸ਼' ਸੀ ਜਿਹੜਾ ਹੁਣ ਤੱਕ ਸਿੱਖ ਧਰਮ ਅਤੇ ਪੰਜਾਬੀ ਸਭਿਆਚਾਰ ਦਾ ਇਕ ਨਿਰਣਾਇਕ ਗ੍ਰੰਥ ਮੰਨਿਆ ਜਾਂਦਾ ਹੈ। ਇਹ ਸਿੱਖ ਸਾਹਿਤ ਦਾ ਇਕ ਵਿਸ਼ਵ-ਕੋਸ਼ ਹੋਣ ਦੇ ਨਾਲ ਇਕ ਵਧੀਆ ਸ਼ਬਦਕੋਸ਼ ਵੀ ਹੈ ਜਿਸ 'ਤੇ ਭਾਈ ਸਾਹਿਬ ਨੇ ਪੰਦਰਾਂ ਸਾਲ ਦੀ ਖੂਬ ਘਾਲਣਾ ਕੀਤੀ।

ਨਾਭਾ ਦੇ ਮਹਾਰਾਜਾ ਹੀਰਾ ਸਿੰਘ ਨੇ ਭਾਈ ਕਾਹਨ ਸਿੰਘ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਆਪਣੀ ਰਿਆਸਤ ਵਿਚ ਨੌਕਰੀ ਦੇ ਕੇ ਸਨਮਾਨਿਤ ਕੀਤਾ। ਭਾਈ ਕਾਹਨ ਸਿੰਘ ਨੇ ਨਾਭਾ ਰਾਜ ਵਿਚ ਜੱਜ ਤੇ ਵਜ਼ੀਰ ਦੀਆਂ ਸੇਵਾਵਾਂ ਵੀ ਨਿਭਾਈਆਂ।

ਭਾਈ ਕਾਹਨ ਸਿੰਘ ਦਾ ਸਿੱਖ ਧਰਮ ਅਤੇ ਇਤਿਹਾਸ ਦਾ ਗਿਆਨ ਹੈਰਾਨੀਜਨਕ ਸੀ। ਉਹ ਆਪਣੇ ਪਿੱਛੇ ਇਕ ਗਿਆਨ ਦਾ ਭੰਡਾਰ ਛੱਡ ਗਏ ਜਿਹੜਾ ਕਿ ਸਿੱਖ ਇਤਿਹਾਸ ਅਤੇ ਧਰਮ-ਸ਼ਾਸਤਰ ਦੇ ਵਿਦਿਆਰਥੀਆਂ ਲਈ ਇਕ ਮਾਰਗ ਦਰਸ਼ਕ ਦਾ ਕੰਮ ਦੇਂਦਾ ਹੈ।

# ਘੜਾ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

**ਤੇਰੇ ਲੱਕ ਨੂੰ ਜ਼ਰਬ ਨਾ ਆਵੇ, ਛੋਟਾ ਘੜਾ ਚੁੱਕ ਕੁੜੀਏ....**

..........

**ਮੈਨੂੰ ਪਾਰ ਲੰਘਾ ਦੇ ਵੇ ਘੜਿਆ ਮਿੰਨਤਾਂ ਤੇਰੀਆਂ ਕਰਦੀ....**

ਸਾਡੇ ਬੀਤ ਚੁੱਕੇ ਸਮਿਆਂ ਵਿੱਚ ਘੜੇ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੁੰਦਾ ਸੀ ਸਾਡੇ ਰੋਜ਼ਾਨਾ ਦੇ ਜੀਵਨ ਵਿੱਚ। ਇਸੇ ਲਈ ਸਾਡੇ ਲੋਕ ਸਾਹਿਤ ਵਿੱਚ ਘੜੇ ਦਾ ਭਰਪੂਰ ਵਰਨਣ ਮਿਲਦਾ ਹੈ। ਲੋਕ ਗੀਤ ਘੜੇ ਦੇ ਵਰਨਣ ਨਾਲ ਭਰੇ ਪਏ ਹਨ ਅਤੇ ਗਾਇਕਾਂ ਨੇ ਵੀ ਬੀਤੇ ਸਮੇਂ ਲਗਦੇ ਗਾਇਕੀ ਦੇ ਅਖਾੜਿਆਂ ਵਿਚ ਘੜੇ ਦੀ ਆਪਣੇ ਗੀਤਾਂ ਵਿੱਚ ਵਰਤੋਂ ਕੀਤੀ ਹੈ। ਕੇਵਲ ਘੜਾ ਹੀ ਨਹੀਂ ਸਗੋਂ ਮਿੱਟੀ ਦੇ ਬਣੇ ਹੋਏ ਹੋਰ ਭਾਂਡਿਆਂ ਦੀ ਵਰਤੋਂ ਵੀ ਸਾਡੇ ਬੀਤ ਚੁੱਕੇ ਜਨ ਜੀਵਨ ਵਿੱਚ ਬਹੁਤ ਜ਼ਿਆਦਾ ਸੀ। ਘੜੇ ਦੀ ਵਰਤੋਂ ਮੁੱਖ ਤੌਰ ਤੇ ਪਾਣੀ ਦੀ ਸੰਭਾਲ ਵਾਸਤੇ ਕੀਤੀ ਜਾਂਦੀ ਸੀ।



ਪੁਰਾਣੇ ਸਮੇਂ ਵਿੱਚ ਪਾਣੀ ਦੀ ਲੋੜ ਖੂਹਾਂ ਤੋਂ ਪੂਰੀ ਕੀਤੀ ਜਾਂਦੀ ਸੀ। ਪਿੰਡਾਂ ਵਿੱਚ ਲੱਗਭੱਗ ਹਰ ਮੁਹੱਲੇ ਵਿੱਚ ਖੂਹ ਜਾਂ ਖੂਹੀਆਂ ਹੋਇਆ ਕਰਦੇ ਸਨ। ਇਨ੍ਹਾਂ ਖੂਹਾਂ ਤੋਂ ਸਵੇਰ ਸਮੇਂ ਆਮ ਤੌਰ ਤੇ ਝਿਊਰ ਭਾਈਚਾਰੇ ਦੀਆਂ ਔਰਤਾਂ ਦੋ ਤਿੰਨ ਜਾਂ ਚਾਰ ਪੰਜ ਤੀਕ ਪਾਣੀ ਦੇ ਘੜੇ ਭਰ ਕੇ ਮੁਹੱਲੇ ਦੇ ਹਰ ਘਰ ਵਿੱਚ ਰੱਖ ਦਿੰਦੀਆਂ ਸਨ ਜਿੱਥੋਂ ਸਾਰੀ ਦਿਹਾੜੀ ਪਾਣੀ ਦੀ ਲੋੜ ਪੂਰੀ ਕੀਤੀ ਜਾਂਦੀ ਸੀ। ਹੋਰ ਲੋੜ ਪੈਣ ਤੇ ਘਰਾਂ ਦੀਆਂ ਸੁਆਣੀਆਂ ਖੁਦ ਖੂਹ ਤੋਂ ਪਾਣੀ ਲੈ ਆਉਂਦੀਆਂ ਸਨ। ਮਿੱਟੀ ਦੇ ਇਸ ਬਰਤਨ ਨੂੰ ਘੁਮਿਆਰ ਬਣਾਉਂਦਾ ਸੀ ਅਤੇ ਇਸ ਨੂੰ ਮਟਕਾ ਵੀ ਆਖ ਦਿੱਤਾ ਜਾਂਦਾ ਸੀ। ਭਾਵੇਂ ਘੜੇ ਦੇ ਨਾਲ-ਨਾਲ ਪਿੱਤਲ ਦੇ ਭਾਂਡੇ ਬਾਲਟੀਆਂ ਅਤੇ ਗਾਗਰਾਂ ਆਦਿ ਵੀ ਪਾਣੀ ਦੀ ਸੰਭਾਲ ਲਈ ਵਰਤੇ ਜਾਂਦੇ ਸਨ ਪਰ ਘੜਾ ਮਿੱਟੀ ਨੂੰ ਪਾਣੀ ਵਿੱਚ ਗੁੰਨ੍ਹ ਕੇ ਤਿਆਰ ਕੀਤਾ ਜਾਂਦਾ ਸੀ। ਇਸ ਲਈ ਇਸ ਦੇ ਪਾਣੀ ਵਿੱਚ ਮਿੱਟੀ ਦੀ ਸੁਗੰਧ ਵੀ ਰਲੀ ਹੋਈ ਹੁੰਦੀ ਸੀ। ਇਸ ਕਾਰਨ ਇਸ ਦਾ ਪਾਣੀ ਸੁਆਦਲਾ ਹੋਣ ਦੇ ਨਾਲ-ਨਾਲ ਪਿਆਸ ਨੂੰ ਬੁਝਾਉਣ ਵਾਲਾ ਅਤੇ ਠੰਢਾ ਵੀ ਹੁੰਦਾ ਸੀ। ਅੱਜ ਕੱਲ੍ਹ ਫਰਿੱਜ ਵਿੱਚ ਰੱਖ ਕੇ ਬੋਤਲਾਂ ਦਾ ਠੰਢਾ ਕੀਤਾ ਹੋਇਆ ਪਾਣੀ ਘੜੇ ਦੇ ਪਾਣੀ ਦਾ ਮੁਕਾਬਲਾ ਨਹੀਂ ਕਰ ਸਕਦਾ। ਕਿਹਾ ਜਾਂਦਾ ਹੈ ਕਿ ਮਿੱਟੀ ਦੇ ਸੰਪਰਕ ਵਿੱਚ ਆਉਣ ਨਾਲ ਇੱਕ ਤਰ੍ਹਾਂ ਦੀ ਕੁਦਰਤੀ ਜੈਵ-ਰਸਾਇਣਿਕ ਕਿਰਿਆ ਸ਼ੁਰੂ ਹੋ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਪਾਣੀ ਵਿਚਲੇ ਨਾਈਟਰੇਟ ਅੱਡ ਹੋ ਕੇ ਘੜੇ ਦੇ ਹੇਠ ਬੈਠ ਜਾਂਦੇ ਹਨ। ਘੜੇ ਦਾ ਪਾਣੀ ਵਰਤ ਲੈਣ ਉਪਰੰਤ ਜਦੋਂ ਦੁਬਾਰਾ ਪਾਣੀ ਭਰਨ ਵੇਲੇ ਘੜੇ ਨੂੰ ਧੋਤਾ ਜਾਂਦਾ ਅਤੇ ਧੋਣ ਉਪਰੰਤ ਪਾਣੀ ਬਾਹਰ ਸੁੱਟਣ ਸਮੇਂ ਉਹ ਨਾਈਟਰੇਟ ਬਾਹਰ ਚਲੇ ਜਾਂਦੇ ਸਨ। ਇਸ ਤਰ੍ਹਾਂ ਪਾਣੀ ਦੀ ਗੁਣਵੱਤਾ ਅਤੇ ਸਰੀਰ ਨੂੰ ਲੋੜੀਂਦੇ ਜ਼ਰੂਰੀ ਤੱਤਾਂ ਉੱਤੇ ਕੋਈ ਅਸਰ ਨਹੀਂ ਸੀ ਪੈਂਦਾ। ਇਹ ਕਿਰਿਆ ਪਿਊਰੀਫਾਇਰ ਜਾਂ ਆਰ.ਓ. ਵਿੱਚ ਨਹੀਂ ਹੁੰਦੀ। ਸ਼ਾਇਦ ਇਸੇ ਕਾਰਨ ਅੱਜਕੱਲ੍ਹ ਬਹੁਤ ਸਾਰੇ ਡਾਕਟਰ ਵੀ ਅਜਿਹਾ ਪਾਣੀ ਵਰਤਣ ਤੋਂ ਮਨ੍ਹਾਂ ਕਰ ਰਹੇ ਹਨ ਕਿਉਂਕਿ ਇਹ ਪਾਣੀ ਸੇਹਤ ਪੱਖੋਂ ਹਾਨੀਕਾਰਕ ਸਾਬਤ ਹੁੰਦਾ ਹੈ। ਘੜਾ ਪੰਜਾਬੀ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਰਿਹਾ ਹੋਣ ਕਰਕੇ ਇਹ ਪੰਜਾਬੀ ਬੋਲੀਆਂ ਅਤੇ ਲੋਕ ਗੀਤਾਂ ਦਾ ਸ਼ਿੰਗਾਰ ਵੀ ਬਣਿਆ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਆਮ ਤੌਰ ਤੇ ਖੂਹਾਂ ਤੋਂ ਘਰਾਂ ਵਿੱਚ ਪਾਣੀ ਦੀ ਸਪਲਾਈ ਝਿਊਰ ਭਾਈਚਾਰੇ ਵਲੋਂ ਕੀਤੀ ਜਾਂਦੀ ਸੀ ਤਾਂ ਬੋਲੀ ਬਣ ਗਈ—

**ਘੜਾ ਚੁੱਕਦੀ ਨਾਗ ਵਲ ਪਾ ਕੇ ਲੱਛੀ ਕੁੜੀ ਮਹਿਰਿਆਂ ਦੀ....**

ਜਵਾਨੀ ਵੇਲੇ ਮੁੰਡੇ ਕੁੜੀਆਂ ਦੀ ਆਪਸੀ ਖਿੱਚ ਕਾਰਨ ਆਮ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦਾ ਗੀਤਾਂ, ਲੋਕ ਗੀਤਾਂ ਅਤੇ ਬੋਲੀਆਂ ਵਿੱਚ ਸੰਕੇਤਕ ਤੌਰ ਤੇ ਜ਼ਿਕਰ ਆ ਜਾਣਾ ਸੁਭਾਵਕ ਹੀ ਹੁੰਦਾ ਹੈ। ਕੋਈ ਖੂਹ ਤੇ ਪਾਣੀ ਭਰਦੀ ਮੁਟਿਆਰ ਨੂੰ ਲੰਘਦਾ ਜਾਂਦਾ ਉਸਦਾ ਹਾਣੀ ਦਿਲ ਜਾਨੀ ਇਕੱਲਿਆਂ ਦੇਖ ਆਖ ਦਿੰਦਾ ਹੈ—

**ਤੇਰੇ ਲੱਕ ਨੂੰ ਜ਼ਰਬ ਨਾ ਆਵੇ ਛੋਟਾ ਘੜਾ ਚੁੱਕ ਕੁੜੀਏ....**

ਅੱਗੋਂ ਮੁਟਿਆਰ ਵੀ ਘੱਟ ਨਹੀਂ। ਸੇਰ ਦਾ ਸਵਾ ਸੇਰ ਜਵਾਬ ਦਿੰਦੀ ਹੋਈ ਨਹਿਲੇ ਤੇ ਦਹਿਲਾ ਮਾਰਦੀ ਹੋਈ ਆਖ ਦਿੰਦੀ—

**ਇੱਕ ਦੇ ਮੈਂ ਤਿੰਨ ਚੁੱਕ ਲਊਂ, ਮੇਰਾ ਲੱਕ ਪਤਲਾ ਨਾ ਜਾਣੀਂ.....**

ਅੱਜ ਕਲ੍ਹ ਤਾਂ ਘਰ ਆਏ ਪ੍ਰਾਹੁਣਿਆਂ ਸਮੇਤ ਬਾਹਰੋਂ ਕੰਮ ਕਰ ਕੇ ਆਏ ਬੰਦੇ ਨੂੰ ਵੀ ਫਰਿੱਜ ਵਿਚੋਂ ਕੱਢ ਕੇ ਗਲਾਸ ਭਰ ਕੇ ਪਾਣੀ ਦਾ ਦੇ ਦਿੱਤਾ ਜਾਂਦਾ ਹੈ। ਪਰ ਪਿਛਲੇ ਸਮਿਆਂ ਵਿੱਚ ਬਾਹਰੋਂ ਖੇਡ ਕੇ ਆਏ ਨਿਆਣੇ ਅਤੇ ਕੰਮ ਕਰਕੇ ਆਏ ਸਿਆਣੇ ਵੀ ਬਿਨਾਂ ਕਿਸੇ ਨੂੰ ਕੁਝ ਕਹੇ ਸੁਣੇ ਘੜੇ ਨੂੰ ਇੱਕ ਹੱਥ ਨਾਲ ਟੇਢਾ ਕਰ ਕੇ ਦੂਜੇ ਹੱਥ ਦੀ ਓਕ ਬਣਾ ਕੇ ਪਾਣੀ ਪੀ ਲੈਂਦੇ ਸਨ। ਜੇਕਰ ਕੋਈ ਨਵ-ਵਿਆਹਿਆ ਗਭਰੂ ਫੋਕਾ ਰੋਅਬ ਪਾਉਣ ਦੀ ਖਾਤਰ ਆਪਣੀ ਕੰਮ ਵਿੱਚ ਰੁੱਝੀ ਹਾਨਣ ਨੂੰ ਪਾਣੀ ਦਾ ਗਲਾਸ ਦੇਣ ਲਈ ਕਹਿੰਦਾ ਸੀ ਤਾਂ ਮੁਟਿਆਰ ਉਸਦੀ ਰਮਜ਼ ਪਛਾਣਦੀ ਹੋਈ ਬੜੀ ਨਰਮ ਸੁਰ ਵਿੱਚ ਆਖਦੀ—

**ਓਕ ਲਾ ਕੇ, ਓਕ ਲਾ ਕੇ, ਪੀ ਲੈ ਹਾਣੀਆਂ,**

**ਠੰਢਾ ਠਾਰ ਵੇ ਘੜੇ ਦਾ ਪਾਣੀ।**

ਪੁਰਾਣੇ ਸਮਿਆਂ ਵਿੱਚ ਅੱਖ ਸ਼ਰਮ ਵਧੇਰੇ ਮੰਨੀ ਜਾਂਦੀ ਸੀ। ਇਸ ਲਈ ਅਣਵਿਆਹੀਆਂ ਕੁੜੀਆਂ ਨੂੰ ਸਾਰੇ ਆਪਣੀਆਂ ਧੀਆਂ ਭੈਣਾਂ

ਬਰਾਬਰ ਹੀ ਸਮਝਦੇ ਸਨ। ਇਸ ਲਈ ਜੇਕਰ ਪਾਣੀ ਦੀ ਲੋੜ ਪੂਰੀ ਕਰਨ ਲਈ ਕੋਈ ਖੂਹ ਤੋਂ ਪਾਣੀ ਲੈਣ ਜਾਂਦੀ। ਘੜਾ ਭਰਨ ਉਪਰੰਤ ਉਸ ਇਕੱਲੀ ਤੋਂ ਘੜਾ ਚੁੱਕਿਆ ਨਾ ਜਾਣਾ ਤਾਂ ਅਚਨਚੇਤ ਤੁਰੇ ਜਾਂਦੇ ਰਾਹੀ ਨੂੰ ਘੜਾ ਚੁਕਾਉਣ ਲਈ ਤਰਲਾ ਮਾਰਦੀ—

**ਮੇਰੀ ਵੀਣੀ ਕਮਜ਼ੋਰ,**
**ਕਿਤੇ ਹੋਜੇ ਨਾ ਮਰੋੜ।**
**ਜ਼ਰਾ ਆਈਂ ਮੁੰਡਿਆ।**
**ਘੜਾ ਚੁੱਕਿਆ ਨਾ ਜਾਵੇ,**
**ਵੇ ਚੁਕਾਈਂ ਮੁੰਡਿਆ।**

ਪਰ ਲੋਕ ਲਾਜ ਦਾ ਮਾਰਿਆ ਹੋਇਆ, ਸਮਾਜ ਦੀਆਂ ਨਜ਼ਰਾਂ ਤੋਂ ਡਰਦਾ ਰਾਹੀ ਨੌਜਵਾਨ ਉਸ ਨੂੰ ਘੜਾ ਚੁਕਾਉਣ ਤੋਂ ਨਾਂਹ ਕਰ ਦਿੰਦਾ। ਉਹ ਉਸ ਨੂੰ ਖੁਦ ਹੀ ਹਿੰਮਤ ਕਰਕੇ ਘੜਾ ਚੁੱਕਣ ਲਈ ਪ੍ਰੇਰਿਤ ਕਰਦਾ ਆਖਦਾ—

**ਘੋੜਾ ਆਰ ਸੋਹਣੀਏ।**
**ਘੋੜਾ ਪਾਰ ਸੋਹਣੀਏ।**
**ਘੜਾ ਚੁੱਕ ਲੈ,**
**ਦੰਦਾਂ ਦੇ ਭਾਰ ਸੋਹਣੀਏ।**

ਸਾਡੇ ਲੋਕ ਗੀਤ, ਜਾਂ ਬੋਲੀਆਂ, ਟੱਪੇ ਆਪਣੀਆਂ ਸਮਕਾਲੀ ਰਸਮਾਂ, ਰਿਵਾਜ਼ਾਂ ਅਤੇ ਸਮਾਜਿਕ ਹਾਲਤਾਂ ਦਾ ਵਰਨਣ ਵੀ ਕਰਦੇ ਹਨ। ਕੋਈ ਸਮਾਂ ਸੀ ਜਦੋਂ ਵਿਆਹ ਦੀ ਰਸਮ ਹੋ ਜਾਣ ਤੋਂ ਬਾਅਦ ਕਈ ਸਾਲਾਂ ਪਿਛੋਂ ਮੁਕਲਾਵਾ ਤੋਰਿਆ ਜਾਂਦਾ ਸੀ। ਅਜਿਹੇ ਵਿਚ ਕਿਸੇ ਮੁਟਿਆਰ ਦਾ ਆਪਣੇ ਮੁਕਲਾਵੇ ਦੇ ਸੁਪਨਿਆਂ ਵਿੱਚ ਗੁਆਚ ਜਾਣਾ ਸੁਭਾਵਿਕ ਹੀ ਸੀ। ਅਜਿਹੇ ਵਿੱਚ ਘੜੇ ਨੂੰ ਇੱਕ ਸੰਕੇਤਕ ਵਜੋਂ ਵਰਤਦੀ ਹੋਈ ਮੁਟਿਆਰ ਇੰਜ ਆਖਦੀ—

**ਘਰੋਂ ਤਾਂ ਮੈਂ ਪਾਣੀ ਲੈਣ ਗਈ ਸੀ,**
**ਘੜਾ ਤਾਂ ਭਰ ਲਿਆਈ ਬੂਰ ਦਾ ਨੀ।**
**ਜਿੰਦ ਗਈ ਮੁਕਲਾਵਾ ਹਾਏ ਦੂਰ ਦਾ ਨੀ।**

ਦੂਜੇ ਪਾਸੇ ਰਿਵਾਜ ਇਹ ਸੀ ਕਿ ਵਿਆਹ ਭਾਵੇਂ ਹੋ ਜਾਂਦਾ ਸੀ ਪਰ ਮੁਕਲਾਵੇ ਤੋਂ ਪਹਿਲਾਂ ਵਿਆਂਹਦੜ ਮੁੰਡੇ ਵਲੋਂ ਆਪਣੀ ਵਿਆਹੁਤਾ ਮੁਟਿਆਰ ਨਾਲ ਗੱਲ ਕਰਨਾ ਵੀ ਵਰਜਿਤ ਸਮਝਿਆ ਜਾਂਦਾ ਸੀ। ਅਜਿਹੇ ਵਿੱਚ ਜੇਕਰ ਕੋਈ ਗੱਭਰੂ ਸਮਾਜ ਦੀ ਪਰਵਾਹ ਨਾ ਕਰਦਾ ਹੋਇਆ ਆਪਣੀ ਵਿਆਹੁਤਾ ਨਾਲ ਵਲ ਫੇਰ ਪਾ ਕੇ ਕੋਈ ਗੱਲ ਕਰ ਹੀ ਲੈਂਦਾ ਸੀ ਤਾਂ ਲੋਕ ਬੋਲੀ ਇੰਝ ਆਖਦੀ ਹੈ—

**ਖੂਹੇ ਉਤੇ ਘੜਾ ਪਿਆ,**
**ਨਾਲ ਘੜੇ ਦੇ ਡੋਲ ਪਿਆ।**
**ਨੀ ਮੁੰਡਾ, ਬਿਨ ਮੁਕਲਾਈ ਨਾਲ ਬੋਲ ਪਿਆ।**

ਘੜਾ ਕੇਵਲ ਪਾਣੀ ਦੀ ਵਰਤੋਂ ਲਈ ਇੱਕ ਭਾਂਡੇ ਵਜੋਂ ਹੀ ਨਹੀਂ ਸੀ ਵਰਤਿਆ ਜਾਂਦਾ, ਸਗੋਂ ਹੋਰ ਬਹੁਤ ਸਾਰੀਆਂ ਚੀਜ਼ਾਂ ਜਿਵੇਂ ਦਾਲਾਂ, ਅਨਾਜ, ਮਸਾਲੇ, ਗੁੜ ਅਤੇ ਰੂੰ ਵਗੈਰਾ ਵੀ ਛੋਟੇ-ਵੱਡੇ ਕੁੱਜਿਆਂ, ਮਟਕਿਆਂ ਅਤੇ ਘੜਿਆਂ ਵਿੱਚ ਸਾਂਭੀਆਂ ਜਾਂਦੀਆਂ ਸਨ। ਆਖਿਆ ਗਿਆ ਹੈ—

**ਇੱਕ ਘੜੇ ਵਿੱਚ ਮੋਠ ਬਾਜਰਾ,**
**ਦੂਜੇ ਘੜੇ ਵਿੱਚ ਰੂੰ।**
**ਥੋੜ੍ਹੀ ਥੋੜ੍ਹੀ ਮੈਂ ਵਿਗੜੀ,**
**ਬਹੁਤਾ ਵਿਗੜਿਆ ਤੂੰ।**

ਘੜਾ ਮਿੱਟੀ ਦਾ ਬਣਿਆ ਹੋਇਆ ਬਰਤਨ ਸੀ। ਇਸ ਦੇ ਮੁਕਾਬਲੇ ਗਾਗਰ ਪਿੱਤਲ ਦੀ ਬਣੀ ਹੋਈ ਕੀਮਤੀ ਅਤੇ ਮਜ਼ਬੂਤ ਚੀਜ਼ ਸੀ। ਇਸ ਤੋਂ ਇਲਾਵਾ ਗਾਗਰ ਦੇਖਣ ਚਾਖਣ ਪੱਖੋਂ ਵੀ ਘੜੇ ਨਾਲੋਂ ਸੁੰਦਰ ਸੀ। ਘਰਾਂ ਵਿੱਚ ਟੀ.ਵੀ. ਦੀ ਆਮਦ ਤੋਂ ਪਹਿਲਾਂ ਰੇਡੀਓ ਉਤੇ ਜਗਮੋਹਨ ਕੌਰ ਦੀ ਆਵਾਜ਼ ਵਿੱਚ ਇੱਕ ਗੀਤ ਆਮ ਤੌਰ ਤੇ ਸੁਣਿਆ ਜਾਂਦਾ ਸੀ। ਇਸ ਗੀਤ ਵਿੱਚ ਇੱਕ ਮੁਟਿਆਰ ਆਪਣੀ ਸੱਸ ਅਤੇ ਜੇਠਾਣੀ ਨੂੰ ਘੜੇ ਤੇ ਘੜੋਲੀ ਨਾਲ ਤਸ਼ਬੀਹ ਦਿੰਦੀ ਹੈ ਅਤੇ ਆਪਣੇ ਆਪ ਨੂੰ ਗਾਗਰ ਨਾਲ ਮੇਲਦੀ ਹੈ। ਗੀਤ ਦੇ ਬੋਲ ਕੁਝ ਇਉਂ ਸਨ—

**ਘੜਾ ਵੱਜਦਾ, ਘੜੋਲੀ ਵੱਜਦੀ,**
**ਕਿਤੇ ਗਾਗਰ ਵੱਜਦੀ ਸੁਣ ਮੁੰਡਿਆ।**
**ਸੱਸ ਲੜਦੀ, ਜਿਠਾਣੀ ਲੜਦੀ,**
**ਕਿਤੇ ਮੈਨੂੰ ਵੀ ਲੜਦੀ ਸੁਣ ਮੁੰਡਿਆ...**

ਉਪਰੋਕਤ ਵਰਨਣ ਤੋਂ ਘੜੇ ਦਾ ਸਾਡੇ ਪੁਰਾਣੇ ਸੱਭਿਆਚਾਰ ਵਿੱਚ ਅਸਥਾਨ ਦਾ ਭਲੀ ਭਾਂਤ ਪਤਾ ਚੱਲ ਜਾਂਦਾ ਹੈ ਪਰ ਇਹ ਲਿਖਤ ਓਨਾ ਚਿਰ ਅਧੂਰੀ ਹੀ ਹੋਵੇਗੀ ਜੇਕਰ ਘੜੇ ਨਾਲ ਜੁੜੀਆਂ ਲੋਕ ਗਾਥਾਵਾਂ ਬਾਰੇ ਜ਼ਿਕਰ ਨਾ ਕੀਤਾ ਜਾਵੇ। ਇਨ੍ਹਾਂ ਲੋਕ ਗਾਥਾਵਾਂ ਨੇ ਘੜੇ ਨੂੰ ਅਮਰਤਾ ਬਖਸ਼ੀ ਹੈ। ਇਨ੍ਹਾਂ ਪਿਆਰ ਪਰੁੰਨੀਆਂ ਲੋਕ ਗਾਥਾਵਾਂ ਕਾਰਨ ਹੀ ਸਮਾਜਕ ਤੌਰ ਤੇ ਘੜਾ ਵਰਤੋਂ ਵਿੱਚ ਨਾ ਆਉਣ ਅਤੇ ਅਲੋਪ ਹੋਣ ਦੇ ਬਾਵਜੂਦ ਵੀ ਲੋਕ ਜ਼ਿਕਰ ਵਿਚੋਂ ਮਨਫ਼ੀ ਨਹੀਂ ਹੋਇਆ। ਪਿਆਰ ਦੀਆਂ ਇਹ ਗਾਥਾਵਾਂ ਹਨ ਕੀਮਾ ਮਲਕੀ ਅਤੇ ਸੋਹਣੀ ਮਹੀਂਵਾਲ ਦੀਆਂ। ਕਹਿੰਦੇ ਹਨ ਕਿ ਇੱਕ ਵਾਰ ਮਲਕੀ ਖੂਹ ਤੋਂ ਪਾਣੀ ਭਰ ਰਹੀ ਸੀ ਤਾਂ ਕੀਮਾ ਜੋ ਮਲਕੀ ਦਾ ਮੰਗੇਤਰ ਸੀ, ਉਧਰੋਂ ਦੀ ਲੰਘ ਰਿਹਾ ਸੀ। ਦੋਵੇਂ ਇੱਕ ਦੂਜੇ ਨੂੰ ਜਾਣਦੇ ਤਾਂ ਸੀ ਨਹੀਂ ਅਤੇ ਨਾ ਹੀ ਦੋਵਾਂ ਨੇ ਇੱਕ ਦੂਜੇ ਨੂੰ ਦੇਖਿਆ ਹੋਇਆ ਸੀ। ਕੀਮਾਂ ਤਾਂ ਅਚਨਚੇਤ ਉਧਰੋਂ ਲੰਘ ਰਿਹਾ ਸੀ। ਰਾਹ ਦੀ ਥਕਾਵਟ ਅਤੇ ਪਿਆਸ ਨਾਲ ਹਾਲੋਂ ਬੇਹਾਲ ਹੋਇਆ ਕੀਮਾ ਪਾਣੀ ਭਰ ਰਹੀ ਮਲਕੀ ਕੋਲ ਜਾ ਕੇ ਪਾਣੀ ਪੀਣ ਲਈ ਮੰਗਣ ਲੱਗਾ। ਇਸ ਵਾਰਤਾ ਨੂੰ ਕਿਸੇ ਕਵੀ ਨੇ ਆਪਣੇ ਸ਼ਬਦਾਂ ਵਿੱਚ ਇੰਝ ਕਲਮਬੰਦ ਕੀਤਾ—

**ਮਲਕੀ ਖੂਹ ਦੇ ਉਤੋਂ ਭਰਦੀ ਸੀ ਪਈ ਪਾਣੀ,**
**ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ।**
**ਲੰਮਾ ਪੈਂਡਾ ਰਾਹੀ ਮਰ ਗਏ ਨੀ ਪਿਆਸੇ,**
**ਛੰਨਾ ਪਾਣੀ ਦਾ ਇੱਕ ਦੇ ਦੇ ਨੀ ਮੁਟਿਆਰੇ।**

ਪਰੰਤੂ ਮਲਕੀ ਉਸ ਨੂੰ ਓਪਰਾ ਮਰਦ ਜਾਣ ਕੇ ਪਾਣੀ ਪਿਲਾਉਣ ਤੋਂ

ਇਨਕਾਰ ਕਰਦੀ ਹੋਈ ਆਖਦੀ ਹੈ ਕਿ ਉਹ ਉਸਨੂੰ ਪਾਣੀ ਨਹੀਂ ਦੇਵੇਗੀ। ਖੂਹ ਤੇ ਲੱਜ ਡੋਲ ਪਏ ਹਨ। ਉਹ ਖੁਦ ਪਾਣੀ ਭਰ ਕੇ ਪੀ ਸਕਦਾ ਹੈ—

**ਆਪਣਾ ਭਰਿਆ ਨਾ ਦਿਆਂ ਸੁਣ ਰਾਹੀਆ ਵੇ**

**ਲੱਜ ਪਈ ਭਰ ਪੀ ਵੇ ਮੈਂ ਤੇਰੀ ਮਹਿਰਮ ਨਾ।**

ਇਸ ਤਰ੍ਹਾਂ ਇਨਕਾਰ ਕਰਦਿਆਂ ਮਲਕੀ ਆਖਦੀ ਹੈ ਕਿ ਉਹ ਆਪਣਾ ਪਾਣੀ ਦਾ ਭਰਿਆ ਘੜਾ ਲੈ ਕੇ ਜਾ ਰਹੀ ਹੈ ਤਾਂ ਕੀਮੇ ਦਾ ਜਵਾਬ ਸੁਣੋ—

**ਘੜਾ ਤਾਂ ਤੇਰਾ ਭੰਨ ਦਿਆਂ ਮੁਟਿਆਰੇ ਨੀ,**

**ਲੱਜ ਕਰਾਂ ਟੋਟੇ ਚਾਰ, ਬਾਂਕੀਏ ਨਾਰੇ ਨੀ।**

ਇਸ ਤਰ੍ਹਾਂ ਇਸ ਕਹਾਣੀ ਵਿੱਚ ਘੜੇ ਨੂੰ ਮਾਨਤਾ ਪ੍ਰਦਾਨ ਕੀਤੀ ਗਈ ਹੈ। ਦੂਸਰੀ ਕਹਾਣੀ ਸੋਹਣੀ ਮਹੀਂਵਾਲ ਤਾਂ ਲਗਭਗ ਸਾਰੇ ਹੀ ਪੰਜਾਬੀ ਜਾਣਦੇ ਹੀ ਹਨ ਅਤੇ ਇਸ ਕਹਾਣੀ ਦਾ ਘੜੇ ਨਾਲ ਸੰਬੰਧ ਵੀ ਸਾਰੇ ਪੰਜਾਬੀਆਂ ਨੂੰ ਪਤਾ ਹੈ। ਇਸ ਕਹਾਣੀ ਮੁਤਾਬਕ ਸੋਹਣੀ ਆਪਣੇ ਆਸ਼ਕ ਮਹੀਂਵਾਲ ਨੂੰ ਮਿਲਣ ਲਈ ਰੋਜ਼ ਦਰਿਆ ਝਨਾਂ ਨੂੰ ਪਾਰ ਕਰਕੇ ਦੂਸਰੇ ਕੰਢੇ ਤੇ ਜਾਂਦੀ ਹੈ ਤੇ ਉਸਨੂੰ ਮਿਲਦੀ ਹੈ। ਇਸ ਮਕਸਦ ਲਈ ਉਹ ਘੜੇ ਦਾ ਸਹਾਰਾ ਲੈਂਦੀ ਹੈ ਅਤੇ ਘੜੇ ਦੀ ਸਹਾਇਤਾ ਨਾਲ ਤਰ ਕੇ ਉਹ ਦਰਿਆ ਪਾਰ ਕਰਦੀ ਹੈ। ਇਸ ਗੱਲ ਦਾ ਪਤਾ ਉਸਦੇ ਪਰਿਵਾਰ ਵਾਲਿਆਂ ਨੂੰ ਵੀ ਲੱਗ ਜਾਂਦਾ ਹੈ। ਇੱਕ ਰਾਤ ਸੋਹਣੀ ਦੀ ਨਨਦ ਸੋਹਣੀ ਵਲੋਂ ਰਾਤ ਨੂੰ ਵਰਤਣ ਵਾਸਤੇ ਰੱਖਿਆ ਘੜਾ ਚੁੱਕ ਲੈਂਦੀ ਹੈ ਅਤੇ ਉਸੇ ਥਾਂ ਤੇ ਇੱਕ ਹੋਰ ਕੱਚਾ ਘੜਾ ਰੱਖ ਦਿੰਦੀ ਹੈ। ਪਰ ਸੋਹਣੀ ਸਭ ਕਾਸੇ ਤੋਂ ਬੇਖ਼ਬਰ ਰਾਤ ਨੂੰ ਸਮਾਂ ਆਉਣ ਤੇ ਉਹ ਘੜਾ ਚੁੱਕ ਕੇ ਤੁਰ ਪੈਂਦੀ ਹੈ। ਉਸ ਨੂੰ ਘੜੇ ਦੇ ਕੱਚੇ ਹੋਣ ਬਾਰੇ ਅਹਿਸਾਸ ਅਤੇ ਉਸ ਨਾਲ ਹੋ ਗਏ ਧੋਖੇ ਬਾਰੇ ਪਤਾ ਦਰਿਆ ਝਨਾਂ ਦੇ ਕੰਢੇ ਤੇ ਪਹੁੰਚ ਕੇ ਹੀ ਲੱਗਦਾ ਹੈ ਜਦ ਉਹ ਬੱਦਲਵਾਈ ਵਾਲੀ ਹਨ੍ਹੇਰੀ ਰਾਤ ਵਿੱਚ ਚਮਕਦੀ ਬਿਜਲੀ ਦੇ ਲਿਸ਼ਕਾਰੇ ਵਿੱਚ ਦਰਿਆ ਵਿੱਚ ਠਿੱਲ੍ਹਣ ਤੋਂ ਪਹਿਲਾਂ ਘੜਾ ਦੇਖਦੀ ਹੈ। ਉਸਨੂੰ ਪਤਾ ਹੈ ਕਿ ਕੱਚਾ ਘੜਾ ਠਾਠਾਂ ਮਾਰਦੇ ਦਰਿਆ ਦੇ ਪਾਣੀ ਵਿੱਚ ਬਹੁਤੀ ਦੇਰ ਟਿਕਣ ਨਹੀਂ ਲੱਗਾ। ਪਰ ਫੇਰ ਵੀ ਉਹ ਪਾਰ ਲੱਗਣ ਦੀਆਂ ਰੱਬ ਅੱਗੇ ਅਰਦਾਸਾਂ ਕਰਦੀ ਹੋਈ ਦਰਿਆ ਵਿੱਚ ਠਿੱਲ੍ਹ ਪੈਂਦੀ ਹੈ ਅਤੇ ਘੜੇ ਨੂੰ ਪਾਰ ਲਾਉਣ ਦੀਆਂ ਅਰਜ਼ੋਈਆਂ ਕਰਦੀ ਹੈ—

**ਮੈਨੂੰ ਪਾਰ ਲੰਘਾ ਦੇ ਵੇ, ਘੜਿਆ ਮਿੰਨਤਾ ਤੇਰੀਆਂ ਕਰਦੀ।**

ਪਰ ਘੜਾ ਆਖਦਾ ਹੈ ਕਿ ਮੈਂ ਕੱਚਾ ਹਾਂ ਅਤੇ ਮੇਰੀ ਮਿੱਟੀ ਨੇ ਖੁਰ ਜਾਣਾ ਹੈ ਤੇ ਅਸਾਂ ਦੋਹਾਂ ਨੇ ਦਰਿਆ ਵਿੱਚ ਰੁੜ੍ਹ ਜਾਣਾ ਹੈ। ਘੜਾ ਸੋਹਣੀ ਨੂੰ ਵਾਪਸ ਮੁੜ ਜਾਣ ਦੀ ਸਲਾਹ ਦਿੰਦਾ ਆਖਦਾ ਹੈ—

**ਜਾਹ ਮੁੜ ਜਾਹ ਸੋਹਣੀਏਂ ਨੀ, ਏਥੇ ਕੋਈ ਨੀ ਤੇਰਾ ਦਰਦੀ।**

ਘੜਾ ਲੋਕ ਸੰਗੀਤ ਵਿੱਚ ਸਾਜ਼ ਦੇ ਤੌਰ ਤੇ ਵੀ ਵਰਤਿਆ ਜਾਂਦਾ ਰਿਹਾ ਹੈ। ਇਸ ਨੂੰ ਵਜਾਉਣ ਵਾਲਾ ਦੋਹਾਂ ਹੱਥਾਂ ਦੀਆਂ ਉਂਗਲਾਂ ਵਿੱਚ ਮੁੰਦਰੀਆਂ ਪਾ ਕੇ ਇਸ ਨੂੰ ਵਜਾਉਂਦਾ ਅਤੇ ਵੱਖਰੀ ਹੀ ਕਿਸਮ ਦਾ ਤਾਲ ਪੈਦਾ ਕਰਦਾ। ਕਈ ਵਾਰ ਇਸ ਨੂੰ ਵਜਾਉਣ ਵਾਲਾ ਕੁਝ ਘੜਿਆਂ ਦੀ ਇਕੱਠੀ ਵਰਤੋਂ ਕਰਕੇ ਬਹੁਤ ਸ਼ਾਨਦਾਰ ਪ੍ਰਭਾਵ ਪੈਦਾ ਕਰਦਾ। ਇਸ ਤੋਂ ਇਲਾਵਾ ਗਿੱਧੇ ਵਿੱਚ ਅੱਡੀ ਮਾਰ ਕੇ ਨੱਚਦੀਆਂ ਮੁਟਿਆਰਾਂ ਕਈ-ਕਈ ਘੜੇ ਸਿਰ ਉੱਤੇ ਚੁੱਕ ਕੇ ਆਪਣੀ ਕਲਾ ਦਾ ਲੋਹਾ ਮਨਵਾਉਂਦੀਆਂ ਰਹੀਆਂ ਹਨ। ਵਿਆਹਾਂ ਸਮੇਂ ਪਿਛਲੇ ਸਮਿਆਂ ਵਿੱਚ ਜਦੋਂ ਰਾਤ ਨੂੰ ਮੁਹੱਲੇ ਦੀਆਂ ਔਰਤਾਂ ਗਾਉਣ ਬਹਿੰਦੀਆਂ ਸਨ ਤਾਂ ਢੋਲਕੀ ਦੇ ਨਾਲ-ਨਾਲ ਘੜੇ ਦੀ ਵਰਤੋਂ ਵੀ ਸਾਜ਼ ਦੇ ਤੌਰ ਤੇ ਕਰਦੀਆਂ ਸਨ।

ਘੜੇ ਨਾਲ ਸੰਬੰਧਤ ਮਨੁੱਖਾ ਜੀਵਨ ਵਿੱਚ ਕਈ ਰਸਮਾਂ ਵੀ ਹਨ। ਘਰ ਵਿਚ ਕਿਸੇ ਧਾਰਮਿਕ ਪ੍ਰੋਗਰਾਮ ਸਮੇਂ ਰਿਵਾਜ਼ ਹੈ ਕਿ ਪਾਣੀ ਦਾ ਘੜਾ ਰੱਖਿਆ ਜਾਂਦਾ ਹੈ। ਇਸ ਨੂੰ ਕੁੰਭ ਰੱਖਣਾ ਆਖਿਆ ਜਾਂਦਾ ਹੈ। ਕਿਸੇ ਵਿਅਕਤੀ ਦੀ ਮੌਤ ਹੋਣ ਤੇ ਸੰਸਕਾਰ ਤੋਂ ਪਹਿਲਾਂ ਸ਼ਮਸ਼ਾਨਘਾਟ ਦੇ ਰਸਤੇ ਵਿੱਚ ਕਿਸੇ ਥਾਂ ਅਰਥੀ ਰੱਖ ਕੇ, ਮੁਰਦਾ ਸਰੀਰ ਦੀ ਪ੍ਰਕਰਮਾ ਕਰਦਿਆਂ ਇੱਕ ਛੋਟੀ ਘੜੀ ਪਾਣੀ ਲੈ ਕੇ ਪਾਣੀ ਡੋਲ੍ਹਦਿਆਂ ਮੁਰਦੇ ਦੇ ਸਿਰ ਕੋਲ ਜਾ ਕੇ ਉਸ ਘੜੀ ਨੂੰ ਜ਼ਮੀਨ ਤੇ ਮਾਰ ਕੇ ਭੰਨਿਆ ਜਾਂਦਾ ਹੈ। ਇਸ ਰਸਮ ਨੂੰ ਧਮਾਰਕ ਭੰਨਣਾ ਆਖਦੇ ਹਨ। ਇਸ ਤਰ੍ਹਾਂ ਘੜਾ ਆਦਮੀ ਦੇ ਅੰਤਮ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਉਸ ਨਾਲ ਜੁੜਿਆ ਰਹਿੰਦਾ ਹੈ। ਬੱਚੇ ਦੀ ਪੈਦਾਇਸ਼ ਸਮੇਂ ਗਰਭਵਤੀ ਇਸਤਰੀ ਦੇ ਮੰਜੇ ਕੋਲ ਪਾਣੀ ਦਾ ਭਰਿਆ ਘੜਾ ਰੱਖਿਆ ਜਾਂਦਾ ਸੀ। ਧਾਰਨਾ ਸੀ ਕਿ ਇਸ ਤਰ੍ਹਾਂ ਜੱਚਾ, ਬੱਚਾ ਨੂੰ ਕੋਈ ਇੱਲ ਬਲਾਅ ਨਹੀਂ ਲੱਗਦੀ।

ਘੜੇ ਨੂੰ ਮੁਹਾਵਰੇ ਅਤੇ ਅਖੌਤਾਂ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਹੈ। ਜਦੋਂ ਕੋਈ ਵਿਅਕਤੀ ਕਿਸੇ ਦੇ ਪ੍ਰਭਾਵ ਅਧੀਨ ਹੋਵੇ ਅਤੇ ਉਹ ਵਿਅਕਤੀ ਆਪਣੇ ਅਸਰ ਹੇਠਲੇ ਵਿਅਕਤੀ ਨੂੰ ਕੋਈ ਕੰਮ ਆਖਦਾ ਹੈ। ਪ੍ਰਭਾਵ ਹੇਠਲਾ ਵਿਅਕਤੀ ਸੰਬੰਧਤ ਵਿਅਕਤੀ ਨੂੰ ਉਸ ਤੋਂ ਕਿਸੇ ਵੀ ਤਰ੍ਹਾਂ ਬਾਹਰ ਨਾ ਹੋਣ ਦਾ ਪ੍ਰਭਾਵ ਦੇਣ ਲਈ ਆਖਦਾ ਹੈ, "ਮੈਂ ਤਾਂ ਤੇਰੇ 'ਘੜੇ ਦੀ ਮੱਛੀ' ਹਾਂ। ਜਦੋਂ ਮਰਜ਼ੀ ਫੜ ਲਈਂ। ਕਿਸੇ ਕਮਜ਼ੋਰ ਆਰਥਿਕ ਦਸ਼ਾ ਵਾਲੇ ਵਿਅਕਤੀ ਬਾਰੇ ਟਿੱਪਣੀ ਕਰਨ ਲਈ ਆਖ ਦਿੱਤਾ ਜਾਂਦਾ ਹੈ, "ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ।" ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਵੇਰਵੇ ਮਿਲ ਜਾਣਗੇ।

ਘੜੇ ਦੇ ਹੋਰ ਸਹਾਇਕ ਰੂਪ, ਸੁਰਾਹੀ, ਚਾਟੀ, ਦੋਹਣਾ, ਕਾੜ੍ਹਨੀ ਅਤੇ ਤੌੜੀ ਆਦਿ ਸਨ। ਇਹ ਦੁਧ ਕਾੜ੍ਹਨ, ਰਿੜਕਣ, ਦਾਲਾਂ, ਸਬਜ਼ੀ, ਸਾਗ ਆਦਿ ਬਨਾਉਣ ਦੇ ਕੰਮ ਆਉਂਦੀਆਂ ਸਨ। ਘਿਓ, ਮੱਖਣ ਅਤੇ ਤੇਲ ਆਦਿ ਰੱਖਣ ਤੇ ਸੰਭਾਲਣ ਲਈ ਬਲ੍ਹਣੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਝਕਰੇ ਤੇ ਬਲਣੀਆਂ ਵਿੱਚ ਖੇਤਾਂ ਨੂੰ ਭੱਤਾ (ਰੋਟੀ) ਲੈ ਜਾਣ ਸਮੇਂ ਲੱਸੀ ਪਾਉਣ ਲਈ ਵੀ ਵਰਤਿਆ ਜਾਂਦਾ ਸੀ। ਆਟਾ, ਗੁੜ ਤੇ ਸ਼ੱਕਰ ਆਦਿ ਰੱਖਣ ਲਈ ਮੱਟ ਵਰਤੇ ਜਾਂਦੇ ਸਨ।

ਘੜਾ ਗੋਲ ਹੋਣ ਕਾਰਨ ਇਸ ਦੇ ਰੁੜ੍ਹਨ ਅਤੇ ਟੁੱਟਣ ਤੋਂ ਬਚਾਉਣ ਲਈ ਇਸ ਨੂੰ ਸਥਿਰ ਰੱਖਣਾ ਬਹੁਤ ਜ਼ਰੂਰੀ ਹੁੰਦਾ ਸੀ। ਇਸ ਮਕਸਦ ਲਈ ਘੜਵੰਜੀਆਂ ਵਰਤੀਆਂ ਜਾਂਦੀਆਂ ਸਨ ਜੋ ਲੱਕੜ ਦਾ ਬਣਿਆ ਇੱਕ ਚੌਖਟਾ ਹੁੰਦਾ ਸੀ। ਇਹ ਵਿਸ਼ੇਸ਼ ਤੌਰ ਤੇ ਮਿੱਟੀ ਦੇ ਭਾਂਡਿਆਂ ਨੂੰ ਰੁੜ੍ਹਨ ਤੇ ਟੁੱਟਣ ਤੋਂ ਬਚਾ ਕੇ ਰੱਖਣ ਲਈ ਹੀ ਬਣਾਈਆਂ ਜਾਂਦੀਆਂ ਸਨ।

ਪਰ ਹੁਣ ਸਮੇਂ ਦੇ ਬਦਲਾਓ ਨਾਲ ਖੂਹ ਨਹੀਂ ਰਹੇ। ਪਾਣੀ ਦੀ ਲੋੜ ਪੂਰੀ ਕਰਨ ਲਈ ਪਹਿਲਾਂ ਨਲਕੇ ਲੱਗੇ ਅਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ਼ ਖਤਮ ਹੋ ਗਿਆ। ਪਾਣੀ ਸੰਭਾਲ ਕੇ ਰੱਖਣ ਦੀ ਥਾਂ ਲੋੜ ਵੇਲੇ ਹੀ ਨਲਕਾ ਗੇੜ ਕੇ ਲੋੜ ਜੋਗਾ ਪਾਣੀ ਲੈ ਲੈਣ ਦੀ ਰੀਤ ਤੁਰੀ। ਫੇਰ ਨਲਕਿਆਂ ਤੇ ਮੋਟਰਾਂ ਲੱਗੀਆਂ। ਇਸ ਨਾਲ ਨਲਕਾ ਹੱਥੀਂ ਗੇੜਨ ਦੀ ਥਾਂ ਸਵਿੱਚ ਦੱਬ ਕੇ ਨਲਕਾ ਚੱਲ ਪੈਂਦਾ ਅਤੇ ਪਾਣੀ ਭਰ ਲਿਆ ਜਾਂਦਾ। ਪਰ ਪਾਣੀ ਡੂੰਘੇ ਜਾਣ ਕਾਰਨ ਨਲਕੇ ਵੀ ਬੰਦ ਹੋ ਗਏ ਅਤੇ ਹੁਣ ਸਬਮਰਸੀਬਲ ਬੋਰਾਂ ਰਾਹੀਂ ਪਾਣੀ ਪ੍ਰਾਪਤ ਕਰਕੇ ਵੱਡੀਆਂ ਟੈਂਕੀਆਂ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰੀ ਟੂਟੀਆਂ ਤੋਂ ਪਾਣੀ ਪ੍ਰਾਪਤ ਕਰਕੇ ਰੋਜ਼ਾਨਾ ਵਰਤੋਂ ਦੀ ਪੂਰਤੀ ਕੀਤੀ ਜਾਂਦੀ ਹੈ।

ਸਮੇਂ ਦੇ ਗੇੜ ਅਤੇ ਲੋੜਾਂ ਕਾਰਨ ਭਾਵੇਂ ਹੁਣ ਸਟੀਲ ਅਤੇ ਐਲੂਮੀਨੀਅਮ, ਨੌਨ-ਸਟਿਕ ਆਦਿ ਭਾਂਡਿਆਂ ਦੀ ਵਰਤੋਂ ਵਧ ਰਹੀ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਦਾ ਰੁਝਾਨ ਮੁੜ ਵਧਣ ਲੱਗਾ ਹੈ। ਕੁਝ ਲੋਕ ਫਰਿੱਜ਼ ਦੇ ਪਾਣੀ ਦੀ ਥਾਂ ਘੜੇ ਦੇ ਪਾਣੀ ਨੂੰ ਤਰਜੀਹ ਦੇਣ ਲੱਗੇ ਹਨ। ਕਈ ਡਾਕਟਰ ਵੀ ਮਿੱਟੀ ਦੇ ਘੜੇ ਦਾ ਪਾਣੀ ਪੀਣ ਦੀ ਸਲਾਹ ਦੇਣ ਲੱਗੇ ਹਨ। ਹੁਣ ਗਰਮੀਆਂ ਵਿੱਚ ਮਿੱਟੀ ਦੇ ਘੜੇ ਵੇਚਣ ਵਾਲਿਆਂ ਦੇ ਹੋਕੇ ਪੰਜਾਬ ਦੇ ਪਿੰਡਾਂ ਵਿੱਚ ਸੁਨਣ ਲੱਗੇ ਹਨ। ਹੁਣ ਮਿੱਟੀ ਦੇ ਭਾਂਡੇ ਬਨਾਉਣ ਵਾਲੇ ਕਾਰੀਗਰਾਂ ਨੇ ਮਿੱਟੀ ਦੇ ਵਾਟਰ ਕੂਲਰ ਬਨਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਘੜੇਨੁਮਾ ਵਾਟਰ ਕੂਲਰਾਂ ਵਿੱਚ ਪਾਣੀ ਦੀ ਨਿਕਾਸੀ ਲਈ ਟੂਟੀ ਲਗਾ ਦਿੱਤੀ ਜਾਂਦੀ ਹੈ। ਬੀਤੇ ਸਮਿਆਂ ਵਿੱਚ ਵੀ ਮਿੱਟੀ ਦੇ ਭਾਂਡੇ ਬਨਾਉਣ ਵਾਲੇ ਕਾਰੀਗਰ ਆਪਣੇ ਭਾਂਡਿਆਂ ਨੂੰ ਵੇਲ, ਬੂਟਿਆਂ ਅਤੇ ਵੱਖੋ-ਵੱਖਰੀਆਂ ਆਕ੍ਰਿਤੀਆਂ ਨਾਲ ਸਜਾਉਂਦੇ ਅਤੇ ਸ਼ਿੰਗਾਰਦੇ ਹਨ।

ਇੱਕ ਬਹੁਤ ਸੁੰਦਰ ਕਹਾਣੀ ਘੜੇ ਦੇ ਸੰਬੰਧ ਵਿੱਚ ਪ੍ਰਚੱਲਤ ਹੈ। ਕਹਿੰਦੇ ਹਨ ਹਰ ਬੱਚਾ ਆਪਣੇ ਜਨਮ ਵੇਲੇ ਦੋ ਘੜੇ ਲੈ ਕੇ ਜਨਮ ਧਾਰਦਾ ਹੈ। ਉਸਨੂੰ ਇੱਕ ਘੜਾ ਭਰਿਆ ਹੋਇਆ ਮਿਲਦਾ ਹੈ ਅਤੇ ਦੂਜਾ ਖਾਲੀ। ਹਰ ਪ੍ਰਾਣੀ ਨੇ ਖਾਲੀ ਘੜਾ ਭਰਨਾ ਹੁੰਦਾ ਹੈ ਅਤੇ ਭਰਿਆ ਹੋਇਆ ਖਰਚਣਾ ਹੁੰਦਾ ਹੈ। ਸਮਾਂ ਬੀਤਣ ਨਾਲ ਭਰਿਆ ਘੜਾ ਖਾਲੀ ਹੁੰਦਾ ਜਾਂਦਾ ਹੈ ਅਤੇ ਆਖਰ ਟੁੱਟ ਜਾਂਦਾ ਹੈ। ਇਹ ਘੜਾ ਉਮਰ ਦਾ ਹੁੰਦਾ ਹੈ ਅਤੇ ਬੱਚੇ ਦੇ ਜਨਮ ਵੇਲੇ ਭਰਿਆ ਹੋਇਆ ਹੁੰਦਾ ਹੈ। ਜਿਵੇਂ-ਜਿਵੇਂ ਬੰਦੇ ਦੀ ਉਮਰ ਬੀਤਦੀ ਜਾਂਦੀ ਹੈ, ਇਹ ਘੜਾ ਖਾਲੀ ਹੁੰਦਾ ਜਾਂਦਾ ਹੈ ਅਤੇ ਆਖਰ ਟੁੱਟ ਜਾਂਦਾ ਭਾਵ ਬੰਦਾ ਇਸ ਦੁਨੀਆਂ ਤੋਂ ਰੁਖਸਤ ਹੋ ਜਾਂਦਾ ਹੈ। ਦੂਜਾ ਘੜਾ ਜ਼ਿੰਦਗੀ ਦੇ ਤਜ਼ਰਬਿਆਂ ਸਿਆਣਪ ਅਤੇ ਆਪਣੀ ਕਰਨੀ ਭਾਵ ਕੀਤੇ ਹੋਏ ਕੰਮਾਂ ਦਾ ਹੈ। ਬੱਚੇ ਦਾ ਖਾਲੀ ਘੜਾ ਬਿਲਕੁਲ ਪਵਿੱਤਰ ਹੁੰਦਾ ਹੈ। ਜਿਵੇਂ-ਜਿਵੇਂ ਉਮਰ ਵਾਲਾ ਘੜਾ ਖਾਲੀ ਹੁੰਦਾ ਜਾਂਦਾ ਹੈ ਤਿਵੇਂ-ਤਿਵੇਂ ਖਾਲੀ ਘੜੇ ਵਿੱਚ ਬੰਦੇ ਦੇ ਪਾਪ ਪੁੰਨ ਭਰਦੇ ਜਾਂਦੇ ਹਨ। ਜੋ ਵੀ ਉਹ ਰੋਜ਼ਾਨਾ ਕਰਦਾ ਹੈ। ਆਪਣੇ ਖਾਲੀ ਘੜੇ ਵਿੱਚ ਕੋਈ ਕੀ ਪਾ ਰਿਹਾ ਹੈ? ਇਹ ਮਨੁੱਖ ਦੀ ਆਪਣੀ ਸੋਚ ਤੇ ਨਿਰਭਰ ਕਰਦਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਘੜੇ ਦਾ ਜ਼ਿਕਰ ਮਨੁੱਖ ਨੂੰ ਪ੍ਰੇਰਨਾ ਦੇਣ ਵਾਲੀਆਂ ਕਹਾਣੀਆਂ ਵਿੱਚ ਵੀ ਆਉਂਦਾ ਹੈ। ਬਿੰਦਰਖੀਏ ਦਾ ਗੀਤ ਘੜੇ ਦੀ ਤਸ਼ਬੀਹ ਦੇ ਕੇ ਮਨੁੱਖ ਦੀ ਨਾਸ਼ਮਾਨਤਾ ਦਾ ਹੀ ਤਾਂ ਪ੍ਰਗਟਾਵਾ ਕਰਦਾ ਹੈ।

**''ਮੈਂ ਤਿੜਕੇ ਘੜੇ ਦਾ ਪਾਣੀ, ਕਲ੍ਹ ਤੱਕ ਨਹੀਂ ਰਹਿਣਾ....''**

ਗੱਲ ਕੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਘੜੇ ਦਾ ਜ਼ਿਕਰ ਆਉਂਦਾ ਹੈ। ਘੜਾ ਕੇਵਲ ਇੱਕ ਵਸਤ ਨਾ ਹੋ ਕੇ ਜਾਂ ਸੱਭਿਆਚਾਰਕ ਜ਼ਿਕਰ ਦਾ ਮੁਥਾਜ ਨਾ ਰਹਿ ਕੇ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਤਸ਼ਬੀਹਾਂ ਦੇਣ ਲਈ ਇੱਕ ਬਹੁਪੱਖੀ ਅਤੇ ਬਹੁ ਅਰਥੀ ਸ਼ਬਦ ਦਾ ਰੂਪ ਧਾਰਨ ਕਰ ਚੁੱਕਾ ਹੈ। ਅੰਤ ਵਿੱਚ ਬਾਬਾ ਬੁਲ੍ਹੇ ਸ਼ਾਹ ਦੀ ਇੱਕ ਕਾਫੀ ਦਾ ਜ਼ਿਕਰ ਕਰਨਾ ਮੁਨਾਸਿਬ ਰਹੇਗਾ। ਇਸ ਕਾਫ਼ੀ ਰਾਹੀਂ ਬਾਬਾ ਬੁਲ੍ਹੇ ਸ਼ਾਹ ਇੱਕ ਘੜੇ ਨੂੰ ਸੰਬੋਧਤ ਹੁੰਦੇ ਹਨ ਜਿਸ ਨੂੰ ਇੱਕ ਸੁੰਦਰ ਮੁਟਿਆਰ ਆਪਣੀ ਢਾਕ ਤੇ ਧਰ ਕੇ ਪਾਣੀ ਭਰਨ ਜਾਂਦੀ ਹੈ—

**ਨੇਕ ਨਸੀਬ ਤੇਰੇ ਓ ਘੜਿਆ, ਚੜ੍ਹਿਆ ਜਾਨੈਂ ਢਾਕ ਪਰਾਈ।**
**ਚੂੜੇ ਵਾਲੀ ਬਾਂਹ ਸੱਜਣ ਦੀ ਜਾਨੈ ਗਲ ਵਿਚ ਪਾਈ॥**

ਆਪਣੀ ਕਾਫ਼ੀ ਦੀਆਂ ਅਗਲੀਆਂ ਸਤਰਾਂ ਵਿੱਚ ਬਾਬਾ ਜੀ ਨੇ ਘੜੇ ਦਾ ਦਿੱਤਾ ਜਵਾਬ ਇਸ ਤਰ੍ਹਾਂ ਦਰਜ ਕੀਤਾ ਹੈ—

**ਪਹਿਲਾਂ ਵਾਦ ਕਹੀਆਂ ਦੀ ਖਾਧੀ, ਫਿਰ ਘਰ ਘੁਮਿਆਰਾਂ ਆਏ।**
**ਪਾਣੀ ਵਿੱਚ ਰਲ ਗਾਰਾ ਹੋਏ, ਫਿਰ ਚੱਕ ਤੇ ਸੀਸ ਕਟਾਏ।**
**ਅੱਠ ਪਹਿਰ ਅੱਗ ਹਿਜਰ ਦੀ ਸਾੜੀ, ਅਸੀਂ ਓਥੇ ਰੰਗ ਵਟਾਏ।**
**ਗਲੀ ਗਲੀ ਫਿਰ ਹੋਕਾ ਦਿੱਤਾ, ਫਿਰ ਘਰ ਸੱਜਣਾ ਦੇ ਆਏ।**
**ਰੱਸੀ ਬੰਨ੍ਹ ਫਿਰ ਖੂਹ ਵਿੱਚ ਲਮਕੇ, ਉਥੇ ਗਿਣ ਗਿਣ ਗੋਤੇ ਲਾਏ।**
**ਐਨੇ ਦੁੱਖ ਝੱਲ ਝੱਲ ਬੁੱਲ੍ਹਿਆ, ਫਿਰ ਢਾਕ ਮਹਿਬੂਬ ਦੀ ਆਏ।**

ਜ਼ਿੰਦਗੀ ਦਾ ਹੀ ਤੱਤ ਸਾਰ ਦੇ ਦਿੱਤੈ ਬਾਬਾ ਬੁਲ੍ਹੇ ਸ਼ਾਹ ਜੀ ਨੇ ਆਪਣੀ ਕਾਫ਼ੀ ਰਾਹੀਂ ਘੜੇ ਦੀ ਤਸ਼ਬੀਹ ਦੇ ਕੇ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# 'ਲੁਬਾਣਾ ਸੇਵਕ' ਮੈਗਜ਼ੀਨ ਦੇ ਸੁਹਿਰਦ ਪਾਠਕਾਂ ਨੂੰ ਅਪੀਲ

ਮਾਨਯੋਗ ਪਾਠਕ ਵੀਰ ਜੀ,

ਗੁਰ ਫਤਿਹ ਪ੍ਰਵਾਨ ਕਰਨੀ ਜੀ

ਮੈਂ ਆਪ ਜੀ ਨੂੰ ਮੈਗਜ਼ੀਨ 'ਲੁਬਾਣਾ ਸੇਵਕ' ਸਬੰਧੀ ਬੜੀ ਨਿਮਰਤਾ ਨਾਲ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਰਸਾਲਾ ਬਰਾਦਰੀ ਦੀ ਬਹੁਤ ਹੀ ਸਤਿਕਾਰਯੋਗ ਹਸਤੀ ਮੇਜਰ ਸ਼ਰਮ ਸਿੰਘ ਜੀ ਜਹੂਰਾ ਨੇ ਆਪਣੇ ਪੱਧਰ ਤੇ ਆਪਣੇ ਘਰ ਤੋਂ ਸ਼ੁਰੂ ਕੀਤਾ ਸੀ। ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੇ ਹੋਂਦ ਵਿਚ ਆਉਣ ਤੋਂ ਜਲਦੀ ਬਾਅਦ ਹੀ ਇਸ ਰਸਾਲੇ ਨੂੰ ਅਪਣਾ ਕੇ ਫਾਊਂਡੇਸ਼ਨ ਵੱਲੋਂ ਇਸ ਨੂੰ ਲਗਾਤਾਰ ਚਾਲੂ ਰੱਖਣ ਅਤੇ ਛਪਦਾ ਰੱਖਣ ਦਾ ਉਪਰਾਲਾ ਆਪਣੇ ਸਿਰ ਲੈ ਲਿਆ ਸੀ। ਲੁਬਾਣਾ ਸੇਵਕ ਦੇ ਤਕਰੀਬਨ 600 ਲਾਇਫ਼ ਮੈਂਬਰ ਹਨ ਜਿਨ੍ਹਾਂ ਨੇ 1000 ਰੁਪਏ ਦੇ ਕੇ ਆਪਣੀ ਲਾਈਫ਼ ਮੈਂਬਰਸ਼ਿਪ ਹਾਸਲ ਕੀਤੀ ਹੋਈ ਹੈ। ਮੈਗਜ਼ੀਨ ਦੇ ਇਕ ਅੰਕ ਦੀ ਇਕ ਕਾਪੀ ਤੇ ਤਕਰੀਬਨ 40 ਰੁਪਏ ਖਰਚ ਆਉਂਦਾ ਹੈ। ਜਿਸ ਕਾਰਨ ਇਸ ਦਾ ਖਰਚਾ ਉਠਾਉਣਾ ਥੋੜ੍ਹਾ ਮੁਸ਼ਕਿਲ ਬਣਿਆ ਹੋਇਆ ਹੈ। ਭਾਵੇਂ ਕਿ ਹੁਣ ਨਵੇਂ ਲਾਇਫ਼ ਮੈਂਬਰ ਬਨਣ ਲਈ ਫੀਸ 2500 ਰੁਪਏ ਪ੍ਰਤੀ ਮੈਂਬਰ ਕਰਨ ਦੀ ਤਜਵੀਜ਼ ਕਾਰਜਕਾਰਨੀ ਵੱਲੋਂ ਪਾਸ ਕੀਤੀ ਜਾ ਚੁੱਕੀ ਹੈ। ਪ੍ਰੰਤੂ ਜੇਕਰ ਪੁਰਾਣੇ ਲਾਇਫ਼ ਮੈਂਬਰ ਵੀ ਆਪਣੇ ਵੱਲੋਂ ਕੁਝ ਆਰਥਿਕ ਸਹਾਇਤਾ ਜਾਂ ਨਵੀਂ ਤੇ ਪੁਰਾਣੀ ਮੈਂਬਰਸ਼ਿਪ ਦੇ ਫਰਕ ਦੀ ਰਕਮ ਨੂੰ ਫਾਊਂਡੇਸ਼ਨ ਪਾਸ ਜਮ੍ਹਾ ਕਰਵਾਉਣ ਤਾਂ ਮੈਗਜ਼ੀਨ ਚਾਲੂ ਰੱਖਣ ਵਿਚ ਮੈਨੇਜਮੈਂਟ ਦੀ ਕਾਫੀ ਮੱਦਦ ਹੋ ਜਾਵੇਗੀ। ਇਹ ਇਕ ਸੁਝਾਅ ਹੀ ਹੈ, ਜਬਰੀ ਜਾਂ ਜ਼ਰੂਰੀ ਨਹੀਂ ਹੈ। ਕਿਉਂਕਿ ਇਹ ਮੈਗਜ਼ੀਨ ਬਰਾਦਰੀ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਸਾਰੇ ਪਹਿਲੂਆਂ ਤੋਂ ਪਾਠਕਾਂ ਨੂੰ ਜਿੱਥੇ ਜਾਗਰੂਕ ਕਰਦਾ ਹੈ, ਉਥੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਬਰਾਦਰੀ ਦੇ ਉਥਾਨ ਲਈ ਕੀਤੇ ਕਾਰਜਾਂ ਦੀ ਵੀ ਬਰਾਦਰੀ ਦੇ ਸੂਝਵਾਨ ਮੈਂਬਰਾਂ ਨੂੰ ਜਾਣਕਾਰੀ ਦਿੰਦਾ ਹੈ।

ਆਸ ਕਰਦਾ ਹਾਂ ਕਿ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਲੁਬਾਣਾ ਸੇਵਕ ਮੈਗਜ਼ੀਨ ਚਾਲੂ ਰੱਖਣ ਲਈ ਆਪ ਜੀ ਆਪਣਾ ਬਣਦਾ ਆਰਥਿਕ ਸਹਿਯੋਗ ਜ਼ਰੂਰ ਦੇਵੋਗੇ।

ਧੰਨਵਾਦ

**ਹਰਭਜਨ ਸਿੰਘ**
**ਪ੍ਰਧਾਨ**
**ਬਮਸਲ ਫਾਊਂਡੇਸ਼ਨ ਚੰਡੀਗੜ੍ਹ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ "ਗੁਰੂ ਮਾਨਿਓ ਗ੍ਰੰਥ"



ਜੁਗੋ-ਜਗ ਅਟੱਲ, ਚਵਰ ਤਖਤ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਵ ਸਮਾਜ ਦੇ ਸਰਬਪੱਖੀ ਕਲਿਆਣ ਲਈ ਅਕਾਲ ਪੁਰਖ ਦਾ ਇਕ ਇਲਾਹੀ ਤੋਹਫਾ, ਸੁੱਚੇ ਮੋਤੀਆਂ ਦਾ ਭਰਪੂਰ ਖਜ਼ਾਨਾ ਹੈ। ਇਸ ਪਾਵਨ ਪਵਿੱਤਰ ਮਹਾਨ ਗ੍ਰੰਥ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਹਿੰਦੋਸਤਾਨ ਦੇ ਵੱਖ-ਵੱਖ ਇਲਾਕਿਆਂ ਵਿੱਚ ਅਕਾਲ ਪੁਰਖ ਦੀ ਅਰਾਧਨਾ ਕਰ ਰਹੇ ਉਨ੍ਹਾਂ ਭਗਤ ਜਨਾਂ ਦੀ ਬਾਣੀ ਦਰਜ ਕੀਤੀ ਜਿਨ੍ਹਾਂ ਸਮੁੱਚੀ ਮਾਨਵਤਾ ਨੂੰ ਸ਼ਾਂਤੀ, ਆਪਸੀ ਭਾਈਚਾਰੇ, ਨਿਮਰਤਾ, ਹਲੀਮੀ, ਸੇਵਾ ਤੇ ਸਿਮਰਨ ਦਾ ਸੰਦੇਸ਼ ਦੇ ਕੇ ਧਰਮ ਦੇ ਮਾਰਗ 'ਚੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਤੋਂ ਸਪੱਸ਼ਟ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਭਗਤ ਜਨ, 11 ਭਟ ਤੇ ਹੋਰ ਚਾਰ ਗੁਰਸਿੱਖਾਂ ਦੀ ਬਾਣੀ ਦਰਜ ਹੈ। ਇਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਿਕ ਉਪਦੇਸ਼ ਦਾ ਸੰਚਾਰ ਕਰਨ ਹਿਤ ਸਮੁੱਚੀ ਮਾਨਵ ਜਾਤੀ ਨੂੰ ਕਲਿਆਣਮਈ ਪ੍ਰਵਚਨਾਂ ਰਾਹੀਂ ਆਤਮਿਕ ਉੱਚਤਾ ਤੇ ਇਖਲਾਕੀ ਪ੍ਰਪੱਕਾ ਦਾ ਸੰਦੇਸ਼ ਦਿੱਤਾ ਗਿਆ ਹੈ। ਮਨੁੱਖ ਚਾਹੇ ਕਿਸੇ ਵੀ ਧਰਮ ਦਾ, ਕਿਸੇ ਵੀ ਦੇਸ਼ ਦਾ ਹੋਵੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਆਪਣੇ ਹਰ ਸਵਾਲ ਦਾ ਢੁਕਵਾਂ ਉੱਤਰ ਜ਼ਰੂਰ ਮਿਲਦਾ ਹੈ।




ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਐਡਵਾਇਜ਼ਰ ਲੁਬਾਣਾ ਸੇਵਕ
98144-74535


ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਅਤੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰੂ ਘਰ ਵੱਲੋਂ ਬਖਸ਼ਿਸ਼ਾਂ ਪ੍ਰਾਪਤ ਗੁਰਸਿੱਖਾਂ ਦੀ ਬਾਣੀ ਪਹਿਲਾਂ ਬੜੀ ਮਿਹਨਤ ਨਾਲ ਸੰਪਾਦਿਤ ਕੀਤੀ। ਇਹ ਸਾਰਾ ਪਵਿੱਤਰ ਕਾਰਜ ਰਮਣੀਕ ਅਤੇ ਪਵਿੱਤਰ ਅਸਥਾਨ ਸ੍ਰੀ ਰਾਮਸਰ, ਸ੍ਰੀ ਅੰਮ੍ਰਿਤਸਰ ਦੇ ਅਸਥਾਨ 'ਤੇ ਬੈਠ ਕੇ ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਤੋਂ ਲਿਖਵਾਈ। 'ਸ਼ਬਦ ਗੁਰੂ' ਦੀ ਸੰਪਾਦਨਾ ਦਾ ਕਾਰਜ 1601 ਈ. ਨੂੰ ਅਰੰਭ ਕਰ ਕੇ 1604 ਈ. ਨੂੰ ਮੁਕੰਮਲ ਕੀਤਾ ਗਿਆ।

ਜਦੋਂ ਇਹ ਪਾਵਨ ਗ੍ਰੰਥ ਸਾਹਿਬ, ਜਿਸ ਨੂੰ ਪੋਥੀ ਪਰਮੇਸ਼ਵਰ ਕਾ ਥਾਨ ਦਾ ਨਾਮ ਦਿੱਤਾ ਗਿਆ, ਸੰਪੂਰਨ ਹੋਇਆ ਤਾਂ ਇਸ ਦੀ ਜਿਲਦਬੰਦੀ ਲਈ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਗਿਆ। ਸਾਰਾ ਕਾਰਜ ਸੰਪੂਰਨ ਹੋਣ 'ਤੇ ਇਸ ਪਾਵਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਸੀਸ 'ਤੇ ਸੁਭਾਇਮਾਨ ਕਰ ਕੇ ਗੁਰਦੁਆਰਾ ਰਾਮਸਰ ਸਾਹਿਬ ਦੇ ਅਸਥਾਨ ਤੋਂ ਇਕ ਨਗਰ ਕੀਰਤਨ ਦੇ ਰੂਪ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਦੇ ਨਾਲ ਸ਼ਹਿਰ ਵਿੱਚੋਂ ਲੰਘਦਿਆਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਿਰਾਜਮਾਨ ਕੀਤਾ। ਸਾਰੇ ਰਸਤੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਹੈੱਡ ਗ੍ਰੰਥੀ ਥਾਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਬਾਬਾ ਬੁੱਢਾ ਜੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਕਿਹਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਇਕ 1661 ਬਿਕ੍ਰਮੀ ਨੂੰ ਹੋਇਆ। ਬਾਬਾ ਜੀ ਨੇ ਸਤਿਕਾਰ ਸਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ।

ਇਸ ਤਰ੍ਹਾਂ ਦਸਮੇਸ਼ ਪਿਤਾ ਜੀ ਵੱਲੋਂ ਹੋਏ ਹੁਕਮ ਅਨੁਸਾਰ ਹਰ ਸਿੱਖ ਲਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ-ਜਗ ਅਟੱਲ ਗੁਰੂ ਹਨ ਤੇ ਸਿੱਖ ਨੇ ਹਰ ਤਰ੍ਹਾਂ ਦੀਆਂ ਅਧਿਆਤਮਿਕ, ਆਤਮਿਕ ਤੇ ਮਾਨਸਿਕ ਲੋੜਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪ੍ਰਾਪਤ ਕਰਨੀਆਂ ਹਨ। ਇਸ ਤਰ੍ਹਾਂ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਅਦੁੱਤੀ ਸਰੂਪ ਸਕਾਰਤਾ ਦਾ ਰੂਪ ਧਾਰਨ ਕਰ ਸਕਿਆ। ਇਸ ਨਾਲ ਦੁਨੀਆ ਭਰ ਦਾ ਧਾਰਮਿਕ ਵਾਤਾਵਰਨ ਰੁਸ਼ਨਾ ਗਿਆ।

ਕਹਾਣੀ

# ਪਾਣੀ-ਪਿਤਾ

**ਮਹਿੰਦਰ ਰਿਸ਼ਮ**

ਪਹਿਲੇ ਦਿਨ ਜਦ ਉਹ ਦੋਹਾਂ ਬੱਚਿਆਂ ਨਾਲ ਇਹ ਘਰ ਵੇਖਣ ਆਈ ਤਾਂ ਐਡਾ ਵੱਡਾ ਖੁੱਲ੍ਹਾ-ਖੁੱਲਾਣ ਘਰ ਵੇਖ ਬੜੀ ਖੁਸ਼ ਹੋਈ। ਚੰਗੀ ਰੌਣਕੀਲੀ ਸੜਕ ਉੱਤੇ ਘਰ ਦੇ ਬਾਹਰਲੇ ਵੱਡੇ ਗੇਟ ਤੋਂ ਅੰਦਰ ਵੜਦਿਆਂ ਹੀ ਸੱਜੇ ਪਾਸੇ ਇਕ ਨਿੱਕਾ ਗੇਟ। ਉਸ ਦਿਨ ਇਹ ਗੇਟ ਖੁੱਲ੍ਹਾ ਹੋਇਆ ਸੀ। ਅੱਗੇ ਨਿੱਕੇ ਜਿਹੇ ਬਰਾਂਡੇ ਦੇ ਸਾਹਮਣੇ ਥੋੜੀ ਜਿਹੀ ਥਾਂ ਕੱਚੀ ਵੀ ਸੀ। ਜ਼ਰੂਰ ਇਹ ਬਾਗਬਾਨੀ ਲਈ ਹੋਵੇਗੀ। ਇਹ ਵੇਲੇ ਤਾਂ ਗੋਡੇ-ਗੋਡੇ ਘਾਹ ਸੀ। ਤਿੰਨ ਬੈੱਡ-ਰੂਮ ਵਾਲੇ ਘਰ ਦੇ ਕਮਰਿਆਂ ਵਿੱਚੋਂ ਲੰਘ ਜਦ ਉਹ ਪਿਛਲੇ ਵਿਹੜੇ ਵਿੱਚ ਪਹੁੰਚੇ ਤਾਂ ਵਿਹੜੇ ਦੇ ਇਕ ਕੋਨੇ ਵਿੱਚ ਨਲਕਾ ਲਗਿਆ ਵੇਖ ਸਾਰਿਆਂ ਨਾਲ ਉਹਨੂੰ ਵੀ ਅਚੰਭੇ ਭਰੀ ਗੁਝੀ ਜਿਹੀ ਖੁਸ਼ੀ ਹੋਈ।

"ਆਹਾ... ਆ ਮੰਮਾ ਇਥੇ ਨਲਕਾ ਵੀ ਲਗਾ ਹੋਇਆ ਏ...।" ...! ਦੋਵੇਂ ਬੇਟੇ ਹੈਰਾਨੀ ਨਾਲ ਚਹਿਕਦਿਆਂ ਬੋਲੇ ਸਨ।

ਜਵਾਨ ਬੱਚਿਆਂ ਦੀ ਖੁਸ਼ੀ ਭਰੀ ਕਿਲਕਾਰੀ ਦੇ ਜਵਾਬ ਵਿੱਚ ਉਹ ਨਿਮਾ ਜਿਹਾ ਮੁਸਕਰਾ ਪਈ ਸੀ। ਅੱਜ-ਕੱਲ੍ਹ ਸ਼ਹਿਰਾਂ ਵਿੱਚ ਨਲਕੇ !

ਨਲਕੇ ਦੀ ਹੱਥੀਂ ਨਹੀਂ ਸੀ ਲਗੀ ਹੋਈ। ਸਾਹਮਣੀ ਲੰਬੀ ਕੰਧ ਦੇ ਨਾਲ-ਨਾਲ ਫੁਟ-ਡੇਢ ਕੁ ਫੁੱਟ ਜਗ੍ਹਾ ਕੱਚੀ ਛੱਡ ਬਾਕੀ ਸਾਰਾ ਵਿਹੜਾ ਸੀਮਿੰਟਡ ਸੀ। ਇਕ ਇੱਟ ਦੀ ਬੰਨੀ ਨਾਲ ਬਾਕੀ ਵਿਹੜੇ ਨੂੰ ਨਿਖੇੜਦਾ ਹੋਇਆ ਨਲਕੇ ਦੇ ਚਾਰੇ ਪਾਸੇ ਤਿੰਨ-ਕੁ ਫੁੱਟ ਦਾ ਖੁਰ੍ਹਾ, ਨਲਕੇ ਦੀ ਉਜੜ ਗਈ ਰਿਆਸਤ ਦਾ ਭਰਮ ਦੇ ਰਿਹਾ ਸੀ।

ਸਰਕਾਰੀ ਨੌਕਰੀ ਕਰਦੇ ਬੇਟੇ ਦੀ ਇਸ ਸ਼ਹਿਰ ਵਿੱਚ ਬਦਲੀ ਹੋਣ ਕਰ ਕੇ ਉਨ੍ਹਾਂ ਨੂੰ ਇਥੇ ਆਉਣਾ ਪਿਆ ਸੀ। ਇਹ ਸਰਕਾਰੀ ਰਿਹਾਇਸ਼ ਸੀ।

ਸਵੇਰੇ ਵੱਡੇ ਬੇਟੇ ਦੇ ਨੌਕਰੀ 'ਤੇ ਅਤੇ ਛੋਟੇ ਦੇ ਪੜ੍ਹਨ ਜਾਣ ਤੋਂ ਬਾਅਦ ਉਹ ਸਾਰਾ ਦਿਨ ਘਰ ਵਿੱਚ ਇਕੱਲੀ ਹੁੰਦੀ। ਉਸ ਦੀ ਇਹ ਆਦਤ ਹੀ ਬਣ ਗਈ ਸੀ ਕਿ ਕੰਮ ਕਰਦਿਆਂ ਅਤੇ ਕੰਮ ਤੋਂ ਵਿਹਲੀ ਹੋ ਕੇ ਵੀ ਉਹ ਪਿੱਛਲੇ ਵਿਹੜੇ ਵਿੱਚ ਕਈ ਚੱਕਰ ਲਾਉਂਦੀ ਰਹਿੰਦੀ।

ਅਕਸਰ ਉਹ ਖੁਰ੍ਹੇ ਵਿੱਚ ਜਾ ਖੜ੍ਹਦੀ, ਕਦੀ ਖੁਰ੍ਹੇ ਵਿੱਚ ਚੌਂਕੀ ਡਾਹ ਕੇ ਇੰਝ ਬਹਿੰਦੀ ਜਿਵੇਂ ਹੁਣੇ ਨਲਕਾ ਗੇੜ ਕੇ ਨਲਕੇ ਥੱਲੇ ਭਾਂਡੇ ਜਾਂ ਸਾਗ-ਸਬਜ਼ੀ ਧੋਵੇਗੀ। ਪਰ ਉਸ ਦਾ ਹੱਥ ਕਦੀ ਵੀ ਨਲਕਾ ਚਲਾਉਣ ਲਈ ਨਹੀਂ ਵਧਿਆ ਸੀ। ਹੱਥੀ ਹੀ ਨਹੀਂ ਸੀ ਤਾਂ ਹੱਥ ਨੇ ਵੀ ਓਧਰ ਕਿਉਂ ਜਾਣਾ ਸੀ। ਹਾਂ ਕਈ ਵਾਰੀ ਖੜ੍ਹੀ-ਖੜ੍ਹੀ ਉਹ ਨਲਕੇ ਦੇ ਪਾਈਪ 'ਤੇ ਹੱਥ ਫੇਰਦਿਆਂ ਨਲਕੇ ਦੇ ਮੂੰਹ 'ਤੇ ਹੱਥ ਰੱਖ ਕਿਤੇ ਦੀ ਕਿਤੇ ਗੁੰਮ ਹੋ ਜਾਂਦੀ। ਲੋਹੇ ਦੇ ਇਸ ਪਾਈਪ ਨੂੰ ਪਲੋਸਦਿਆਂ ਉਸ ਨੂੰ ਜਾਪਦਾ ਜਿਵੇਂ ਹੁਣ ਵੀ ਇਸ ਵਿੱਚੋਂ ਠੰਡੇ ਪਾਣੀ ਦਾ ਫੁਹਾਰਾ ਨਿਕਲੇਗਾ। ਘੜੀ-ਘੜੀ ਨਲਕੇ ਦੁਆਲੇ ਫਿਰਨ ਕਰਕੇ ਕਈ ਵਾਰੀ ਉਹ ਆਪਣੇ-ਆਪ ਤੇ ਹੱਸ ਪੈਂਦੀ। ਪਰ ਫਿਰ ਆਪੇ ਦਲੀਲ ਦੇਂਦੀ-'ਜੇ ਇਹ ਨਲਕਾ ਚਲਦਾ ਹੁੰਦਾ ਤਾਂ ਵੀ ਤੇ ਦਿਨ ਵਿੱਚ ਸੌ ਵਾਰੀ ਇਸ ਕੋਲ ਆਉਣਾ ਸੀ। ਤਦ ਤਾਂ ਸਾਰਿਆਂ ਨੇ ਦਿਨ-ਰਾਤ ਕਈ ਕਈ ਵਾਰ ਆ-ਆ ਕੇ ਇਸ ਦੇ ਮੱਥੇ ਲੱਗਣਾ ਸੀ।'

ਉਸ ਕਈ ਵਾਰੀ ਸੋਚਿਆ ਸੀ ਕਿ ਬੱਚਿਆਂ ਨੂੰ ਆਖ ਕੇ ਕਿਸੇ ਨੂੰ ਬੁਲਾ ਨਲਕੇ ਦੀ ਹੱਥੀ ਲਗਵਾ ਲਵੇ। ਪਰ ਉਹ ਜਾਣਦੀ ਸੀ ਬੱਚੇ ਉਸ 'ਤੇ ਹੱਸਣਗੇ- ਘਰ ਵਿੱਚ ਵੀਹ ਟੂਟੀਆਂ ਲਗੀਆਂ ਹੋਣ ਤੇ ਵੀ ਨਲਕਾ...? ਹੁੰਅ ਮੰਮਾਂ ਤਾਂ ਪਤਾ ਨਹੀਂ ਕਿਹੜੀ ਦੁਨੀਆ ਵਿੱਚ ਰਹਿੰਦੀ ਹੈ। ਉਸ ਨੂੰ ਚੇਤੇ ਨਹੀਂ ਸੀ ਕਿ ਪਹਿਲੇ ਦਿਨ ਤੋਂ ਬਾਅਦ ਬੱਚੇ ਕਦੀ ਨਲਕੇ ਕੋਲ ਆ ਕੇ ਇਕ ਵਾਰ ਵੀ ਖੜ੍ਹੇ ਹੋਏ ਹੋਣ। ਉਨ੍ਹਾਂ ਕਦੀ ਵੇਖਿਆ ਵੀ ਹੋਏ ਕਿ ਇਸ ਦਾ ਕਿਹੜਾ ਅੰਗ ਭੰਗ ਹੋਇਆ ਪਿਆ ਹੈ। ਢਲੀ ਸ਼ਾਮ ਘਰ ਵਾਪਸ ਆ ਕੇ ਉਨ੍ਹਾਂ ਕੋਲ ਤਾਂ ਇਸ ਵਿਹੜੇ ਵਿੱਚ ਆਉਣ ਦਾ ਵਕਤ ਈ ਨਹੀਂ ਹੁੰਦਾ। ਉਸ ਨੂੰ ਕਈ ਵਾਰੀ ਜਾਪਦਾ ਇਹ ਪਿਛਲਾ ਵਿਹੜਾ ਸਿਰਫ਼ ਉਸ ਦਾ ਦਿਲ ਪਰਚਾਉਣ ਲਈ ਹੀ ਹੈ। ਵਰਨਾ ਘਰ ਦੇ ਬਾਕੀਆਂ ਨੂੰ ਇਸ ਵਿਹੜੇ ਦੀ ਨਾ ਕੋਈ ਖਿੱਚ ਸੀ ਨਾ ਹੀ ਕੋਈ ਲੋੜ। ਸਾਰਾ ਦਿਨ ਘਰ ਤੋਂ ਬਾਹਰ ਅਤੇ ਰਾਤ ਕਮਰਿਆਂ ਵਿੱਚ ਬੰਦ। ਜਦ ਵੀ ਨਲਕੇ ਕੋਲ ਆਉਂਦੀ, ਉਸ ਨੂੰ ਅਹਿਸਾਸ ਹੁੰਦਾ ਕਿ ਕਦੀ ਇਹ ਨਲਕਾ ਇਸ ਘਰ ਦਾ ਅਹਿਮ ਜੀਅ ਰਿਹਾ ਹੋਣਾ। ਕਹਿੰਦੇ ਨੇ ਪਾਣੀਆਂ ਦੇ ਕੰਢਿਆਂ ਤੇ ਹੀ ਬਸਤੀਆਂ ਵਸਾਈਆਂ ਜਾਂਦੀਆਂ ਸਨ। ਮਾਂ ਕਹਿੰਦੀ ਹੁੰਦੀ ਸੀ - ਜਿਸ ਘਰ ਵਿੱਚ ਵਸੇਬਾ ਕਰਨਾ ਹੋਵੇ ਉਸ ਘਰ ਵਿੱਚ ਸਭ ਤੋਂ ਪਹਿਲਾਂ ਪਾਣੀ ਦਾ ਭਰਿਆ ਘੜਾ ਲੈ ਕੇ ਜਾਈਦਾ ਹੁੰਦਾ ਹੈ। ਕੁੰਭ...। ਘਰ ਵਿੱਚ ਬਾਕੀ ਸਮਾਨ ਕੁੰਭ ਤੋਂ ਬਾਅਦ ਲੈ ਕੇ ਜਾਈਦਾ। ਇਹ ਨਲਕਾ ਵੀ ਬੜੀ ਰੀਝ ਨਾਲ ਲਗਵਾਇਆ ਗਿਆ ਹੋਣਾ ਹੈ। ਪਰ ਵਕਤ ਨੇ ਇਸ ਨੂੰ ਬੇਲੋੜਾ ਹੀ ਕਰ ਦਿੱਤਾ ਹੈ... ਬਿਲਕੁਲ ਜਿਵੇਂ ਤੀਜੀ-ਚੌਥੀ ਪੀੜ੍ਹੀ ਲਈ ਘਰ ਦਾ ਬਿਰਧ-ਬਿਮਾਰ ਬਜ਼ੁਰਗ।

ਜਦ ਤਾਕਤ ਤਬਦੀਲ ਹੋ ਕੇ ਨਵਿਆਂ ਕੋਲ ਜਾਂਦੀ ਹੈ ਤਾਂ ਪੁਰਾਣੇ ਬੇਕਾਰ ਹੋ ਜਾਂਦੇ ਹਨ। ਨਵੀਆਂ ਕਾਢਾਂ ਦੀ ਵਰਤੋਂ, ਪੁਰਾਣੀਆਂ ਚੀਜ਼ਾਂ ਦੀ ਲੋੜ ਮੁਕਾ ਦਿੰਦੀ ਹੈ। ਆਖ਼ਰ ਇਹ ਨਲਕਾ ਵੀ ਤਾਂ ਕਦੀ ਇਸ ਘਰ ਲਈ ਖ਼ਾਸ ਰਿਹਾ ਹੋਣਾ ਹੈ। ਇਸ ਨੇ ਵੀ ਕਈਆਂ ਦੀ ਤ੍ਰੇਹ ਬੁਝਾਈ ਹੋਣੀ ਹੈ, ਕਈਆਂ ਦੀ ਮੈਲ ਧੋਤੀ ਹੋਣੀ ਹੈ... ਗਰਮੀ ਵਿੱਚ ਲੂੰਹਦਿਆਂ ਕਈ ਸਰੀਰਾਂ ਨੂੰ ਠੰਡ ਪਾਈ ਹੋਣੀ ਹੈ। 'ਪਾਣੀ ਪਿਤਾ...।' ਪਿਤਾ ਵਾਂਗ ਇਹ ਵੀ ਕਈਆਂ ਦਾ ਪਾਲਣਹਾਰਾ ਰਿਹਾ ਹੋਣਾ ਹੈ। ਪਰ ਨਵੀਂ ਤਕਨੀਕ ਦੇ ਆਉਂਦੀਆਂ ਹੀ ਇਹ ਕੋਨੇ ਦਾ ਬੁੱਢਾ ਖੁੰਢ ਬਣ ਗਿਆ ਹੈ। ਉਸ ਨੂੰ ਬਾਰ-ਬਾਰ ਜਾਪਦਾ ਹੈ ਇਹ ਲੋਹੇ ਦਾ ਨਲਕਾ ਨਹੀਂ ਇਹ ਕੋਈ ਜਿਉਂਦਾ-ਜਾਗਦਾ ਇਨਸਾਨ ਹੈ।

ਇਸ ਨਲਕੇ ਨੂੰ ਵੇਖ ਕੇ ਅਕਸਰ ਉਸ ਨੂੰ ਆਪਣੇ ਪਿੰਡ ਦੀ ਯਾਦ ਆਉਂਦੀ। ਜਿਸ ਪਿੰਡ ਉਸ ਦਾ ਜਨਮ ਹੋਇਆ ਸੀ। ਜਿਥੇ ਉਸ ਦਾ

ਬਚਪਨ ਬੀਤਿਆ ਸੀ।

ਸੋਚਦਿਆਂ-ਸੋਚਦਿਆਂ ਉਸਦੀਆਂ ਅੱਖਾਂ ਅੱਗੇ ਕਈ ਨਜ਼ਾਰੇ ਘੁੰਮ ਜਾਂਦੇ।

...

ਸ਼ਾਮ ਦਾ ਵੇਲਾ, ਪੰਦਰਾਂ-ਸੌਲਹਾਂ ਸਾਲਾਂ ਦੀ ਵੱਡੀ ਭੈਣ, ਸਿਰ ਤੇ ਇਕ ਹੱਥ ਨਾਲ ਪਾਣੀ ਦਾ ਘੜਾ ਠੰਮਿਆ ਅਤੇ ਦੂਜੇ ਹੱਥ ਵਿੱਚ ਛਲਕ-ਛਲਕ ਕੇ ਡੁਲਦੇ ਪਾਣੀ ਦੀ ਵੱਡੀ ਬਾਲਟੀ ਚੁਕੀ ਨੰਗੇ ਪੈਰੀਂ ਖੂਹ ਤੋਂ ਘਰ ਵੱਲ ਹੌਲੀ-ਹੌਲੀ ਤੁਰਦੀ ਆਉਂਦੀ ਦਿਸ ਰਹੀ ਸੀ। ਮਾਂ ਲੱਜ ਨਾਲ ਖੂਹ ਵਿੱਚੋਂ ਪਾਣੀ ਖਿੱਚ-ਖਿੱਚ ਕੇ ਬਾਲਟੀਆਂ ਤੇ ਘੜੇ ਭਰ ਰਹੇ ਸਨ। ਦੂਜੇ ਭੈਣ-ਭਰਾਵਾਂ ਦੇ ਨਾਲ ਉਹ ਆਪ ਵੀ ਨਿੱਕੀਆਂ-ਨਿੱਕੀਆਂ ਬਾਲਟੀਆਂ, ਜਿੰਨੀਆਂ ਕੁ ਉਹ ਚੁੱਕ ਸਕਦੇ ਸਨ, ਹੱਥਾਂ ਵਿੱਚ ਲਟਕਾਈ ਖੂਹ ਤੋਂ ਘਰ ਤਕ ਕਈ ਚੱਕਰ ਲਾਉਂਦੇ।

ਉਨ੍ਹਾਂ ਦਾ ਘਰ ਗਲੀ ਵਿੱਚ ਸਭ ਤੋਂ ਅਖ਼ੀਰਲਾ ਸੀ। ਉਹਦੇ ਘਰ ਤੋਂ ਖੱਬੇ ਪਾਸੇ ਅੱਠ-ਦਸ ਘਰ ਛੱਡ ਕੇ ਉਹਦਾ ਨਾਨਕਾ ਘਰ ਤੇ ਨਾਨਕੇ ਘਰ ਤੋਂ ਵੀ ਅੱਠ-ਦਸ ਘਰ ਅਗੇ ਯਾਨੀ ਗਲੀ ਦੇ ਦੂਜੇ ਕੋਨੇ 'ਚ ਖੂਹ।

ਘਰ ਤੋਂ ਖੂਹ ਕਿੰਨੀ ਜ਼ਿਆਦਾ ਦੂਰ ਸੀ। ਐਡੇ ਵੱਡੇ ਟੱਬਰ ਦੇ ਖਾਣ-ਪਕਾਣ ਲਈ ਹੀ ਪਾਣੀ ਕਿਹੜਾ ਥੋੜ੍ਹਾ ਚਾਹੀਦਾ ਹੁੰਦਾ ਸੀ। ਨਹਾਣਾ-ਧੋਣਾ ਵੱਖ। ਉਹਦੇ ਪਿਤਾ ਜੀ ਕਦੇ ਵੀ ਖੂਹ ਤੇ ਨਹੀਂ ਜਾਂਦੇ ਸਨ। ਨਾ ਪਾਣੀ ਲਿਆਉਣ ਲਈ ਨਾ ਹੀ ਆਪ ਨਹਾਉਣ ਲਈ। ਜਦ ਕਿ ਮਹੱਲੇ ਦੇ ਹੋਰ ਸਾਰੇ ਮਰਦ ਮੂੰਹ ਹਨੇਰੇ ਖੂਹ ਤੇ ਹੀ ਨਹਾਉਂਦੇ ਤੇ ਦੋਹਾਂ ਹੱਥਾਂ ਵਿੱਚ ਇਕ-ਇਕ ਬਾਲਟੀ ਪਾਣੀ ਵੀ ਲੈ ਆਉਂਦੇ ਸਨ।

ਨਜ਼ਾਰਾ ਬਦਲਦਾ ਹੈ...

ਉਹਦੇ ਨਾਨਕੇ ਘਰ ਵਿੱਚ ਨਲਕਾ ਲੱਗ ਗਿਆ ਸੀ। ਹੁਣ ਸੌਖਾ ਸੀ। ਪਾਣੀ ਭਰ ਕੇ ਲਿਆਉਣ ਦਾ ਉਹਦੇ ਘਰ ਤਕ ਰਾਹ ਅੱਧਾ ਰਹਿ ਗਿਆ ਸੀ। ਨਾਲੇ ਹੁਣ ਮਾਂ ਖੂਹ ਵਿੱਚੋਂ ਪਾਣੀ ਖਿੱਚ-ਖਿੱਚ ਕੇ ਕਮਰ ਦੋਹਰੀ ਨਹੀਂ ਕਰਦੀ ਸੀ ਸਗੋਂ ਇਹ ਭੈਣ-ਭਰਾ ਆਪੇ ਨਲਕਾ ਗੇੜ ਕੇ ਪਾਣੀ ਭਰ ਲਿਆਉਂਦੇ। ਸਿਰਫ਼ ਸ਼ਾਮੀ ਹੀ ਨਹੀਂ, ਦਿਨੇ ਕਿਸੇ ਵੇਲੇ ਵੀ। ਕਈ ਵਾਰੀ ਨਾਨਕੇ ਘਰ ਨਲਕੇ ਥੱਲੇ ਹੀ ਨਹਾ ਵੀ ਲੈਂਦੇ।

ਇਕ ਸ਼ਾਮ ਅਚਾਨਕ ਪਿਤਾ ਜੀ ਬਜ਼ਾਰੋਂ ਮੁੜਦੇ ਹੋਏ ਮੋਢੇ 'ਤੇ ਨਵੀਂ ਲੱਜ ਰੱਖੀ ਆਉਂਦੇ ਦਿਸੇ। ਪਿਤਾ ਜੀ ਨੇ ਲੱਜ ਲਿਆ ਕੇ ਵਿਹੜੇ ਵਿੱਚ ਇਕ ਪਾਸੇ ਵਲ ਜ਼ੋਰ ਨਾਲ ਜ਼ਮੀਨ ਤੇ ਵਗਾਹ ਕੇ ਸੁੱਟੀ ਅਤੇ ਮਾਂ ਨੂੰ ਅੱਖਾਂ ਕੱਢਦਿਆਂ ਗੁਸੈਲੀ ਆਵਾਜ਼ ਵਿੱਚ ਪਤਾ ਨਹੀਂ ਕੀ ਕੁੱਝ ਆਖਿਆ। ਮਾਂ ਦੇ ਚਿਹਰੇ 'ਤੇ ਉਹੀ ਸਹਿਮ ਸੀ ਜਿਹੜਾ ਉਹਦੇ ਮਾਮਿਆਂ (ਮਾਂ ਦੇ ਭਰਾਵਾਂ) ਨਾਲ ਪਿਤਾ ਜੀ ਦੀ ਹੋਈ ਕਿਸੇ ਤਲਖ਼-ਕਲਾਮੀ ਤੋਂ ਬਾਅਦ ਅਕਸਰ ਮਾਂ ਦੇ ਚਿਹਰੇ ਤੇ ਪਸਰ ਜਾਂਦਾ ਸੀ। ਪਿਤਾ ਜੀ ਵੱਲੋਂ ਪੁਰਾਣੀ ਲੱਜ ਲੱਭਣ ਦਾ ਝੰਜਟ ਮੁਕਾਉਂਦਿਆਂ, ਘਰ ਵਿੱਚ ਲਿਆਈ ਇਹ ਨਵੀਂ ਲੱਜ, ਜ਼ਰੂਰ ਕਿਸੇ ਬਿਖੇੜੇ ਦਾ ਨਤੀਜਾ ਸੀ।

ਥੋੜ੍ਹੇ ਚਿਰ ਨੂੰ ਹੀ ਪਾਣੀ ਦੀ ਬਾਲਟੀ ਚੁਕੀ ਘਰ ਅੰਦਰ ਵੜਦੀ ਉਹਦੀ ਵੱਡੀ ਭੈਣ ਦਿਸੀ। ਉਸ ਦੇ ਹੱਥੋਂ ਬਾਲਟੀ ਖੋਹ ਕੇ ਪਾਣੀ ਦੂਰ ਕੱਚੇ ਵਿਹੜੇ ਵਲ ਡੋਹਲਣ ਤੋਂ ਬਾਅਦ ਪਿਤਾ ਜੀ ਦਾ ਕਾੜ ਕਰਦਾ ਝਨ੍ਹਾਟੇਦਾਰ ਥੱਪੜ ਹੈਰਾਨ ਖੜ੍ਹੀ ਭੈਣ ਦੇ ਮੂੰਹ 'ਤੇ ਪਿਆ ਸੀ। ਪਿਤਾ ਜੀ ਦੇ ਗੁੱਸੇ ਭਰੇ ਬੋਲ ਸਾਰੇ ਘਰ ਵਿੱਚ ਗੂੰਜ ਗਏ, "ਇਹ ਲੱਜ ਨਹੀਂ ਦਿਸੀ ਤੈਨੂੰ...? ਅਗੋਂ ਤੋਂ ਖੂਹ ਤੋਂ ਪਾਣੀ ਲਿਆਉਣਾ ਏ... ਖ਼ਬਰਦਾਰ ਜੇ ਕੋਈ 'ਪਰ੍ਹੇ' ਨਲਕੇ ਵਲ ਗਿਆ ਤਾਂ..."

ਇਸ ਘਟਨਾ ਤੋਂ ਕੁਝ ਮਹੀਨਿਆਂ ਬਾਅਦ ਹੀ ਇਕ ਦਿਨ ਵਿਹੜੇ ਵਿੱਚ ਉਸੇ ਜਗ੍ਹਾ ਤੇ ਦੋ ਮਜ਼ਦੂਰ ਬੋਰ ਕਰ ਰਹੇ ਸਨ ਜਿਥੇ ਪਿਤਾ ਜੀ ਨੇ ਲਜ ਵਗਾਹ ਮਾਰੀ ਸੀ। ਵਿਹੜੇ ਵਿੱਚ ਇਕ ਪਾਸੇ ਕਰਕੇ। ਸ਼ਾਮ ਨੂੰ ਨਲਕੇ ਲਈ ਲੋਹੇ ਦੇ ਲੰਮੇ ਪਾਈਪ, ਹੱਥੀ ਅਤੇ ਬਾਕੀ ਸਾਮਾਨ ਲਦੇ ਰੇੜ੍ਹੇ ਦੇ ਪਿਛੇ-ਪਿਛੇ ਪਿਤਾ ਜੀ ਹੱਸਦੇ-ਹੱਸਦੇ ਘਰ ਵੜੇ ਸਨ। ਉਸ ਸ਼ਾਮ ਵਿਹੜੇ ਵਿੱਚ ਪਏ ਨਲਕੇ ਦੇ ਸਮਾਨ ਦੇ ਆਸੇ-ਪਾਸੇ ਫਿਰਦੇ ਪਿਤਾ ਜੀ ਹੋਰ ਜ਼ਿਆਦਾ ਖ਼ੁਦਦਾਰ ਤੇ ਕੱਦਾਵਰ ਲੱਗ ਰਹੇ ਸਨ। ਉਨ੍ਹਾਂ ਭੈਣ-ਭਰਾਵਾਂ ਨੂੰ ਪਿਤਾ ਜੀ ਤੇ ਅੱਜ ਬੜਾ ਮੋਹ ਆ ਰਿਹਾ ਸੀ। ਜਿਵੇਂ ਉਨ੍ਹਾਂ ਲਈ ਪਿਤਾ ਜੀ ਇਹ ਸੌਗਾਤ ਖਰੀਦ ਕੇ ਲਿਆਏ ਹੋਣ। ਮਾਣ ਨਾਲ ਉਹ ਗਈ ਸ਼ਾਮ ਤੱਕ ਗਲੀ ਦੀਆਂ ਆਪਣੀਆਂ ਸਹੇਲੀਆਂ ਨੂੰ ਦਸਦੀ ਰਹੀ ਸੀ ਕਿ ਬਸ ਦੋ-ਚਾਰ ਦਿਨਾਂ ਬਾਅਦ ਉਨ੍ਹਾਂ ਨੂੰ ਖੂਹ ਤੇ ਪਾਣੀ ਭਰਣ ਨਹੀਂ ਜਾਣਾ ਪੈਣਾ। ਉਹ ਭੈਣ-ਭਰਾ ਐਨੇ ਖੁਸ਼ ਸਨ ਕਿ ਉਨ੍ਹਾਂ ਨੂੰ ਮਾਂ ਦੇ ਚਿਹਰੇ 'ਤੇ ਕਈ ਮਹੀਨਿਆਂ ਤੋਂ ਖਿਲਰਿਆ ਸਹਿਮ ਵਿਸਰ ਗਿਆ ਸੀ।

ਹੁਣ ਪਾਣੀ ਭਰ ਕੇ ਲਿਆਉਣ ਦੀ ਮੁਸੀਬਤ ਖ਼ਤਮ। ਨਲਕਾ ਜਿਵੇਂ ਕਿ ਵਿਹੜੇ ਦਾ ਗਹਿਣਾ ਹੀ ਹੋਵੇ। ਕਿੰਨਾ ਹੀ ਚਿਰ ਉਹਨੂੰ ਤੇ ਉਸ ਦੇ ਭੈਣ-ਭਰਾਵਾਂ ਨੂੰ ਨਲਕੇ ਦੇ ਮੂੰਹ 'ਚੋਂ ਗੜ-ਗੜ ਦੀ ਆਵਾਜ਼ ਨਾਲ ਡਿੱਗਦਾ ਸਾਫ਼-ਸ਼ਫਾਫ਼ ਪਾਣੀ ਵੇਖ ਪਿਤਾ ਜੀ ਦੇ ਖਿੜਖਿੜਾ ਕੇ ਉੱਚੇ ਹਾਸੇ ਵਰਗੀ ਆਵਾਜ਼ ਦਾ ਅਹਿਸਾਸ ਹੁੰਦਾ ਰਿਹਾ। ਜਾਪਦਾ ਜਿਵੇਂ ਪਿਤਾ ਜੀ ਘਰ ਵਿੱਚ ਨਲਕਾ ਨਹੀਂ ਸਗੋਂ ਕੋਈ ਨਵਾਂ ਜੀਅ ਲੈ ਆਏ ਹਨ ਜਿਹੜਾ ਹੱਸ-ਹੱਸ ਉਨ੍ਹਾਂ ਦੀ ਲੋੜ ਪੂਰੀ ਕਰਦਾ ਹੈ। ਨਲਕੇ ਨੂੰ ਚਲਾਉਣ 'ਤੇ ਜ਼ੋਰ ਤਾਂ ਲਾਉਣਾ ਪੈਂਦਾ ਸੀ, ਪਰ ਬਿਨਾਂ ਕਿਸੇ ਕਿਰਸ ਤੋਂ ਨਲਕੇ ਦੇ ਰੱਜਵੇਂ ਪਾਣੀ ਦਾ ਮਾਣ ਵੀ ਕੁਝ ਹੋਰ ਸੀ...। ਜਿਵੇਂ ਕਿ ਨਿੱਕੀ-ਨਿੱਕੀ ਗਲੋਂ ਗੁੱਸੇ ਨਾਲ ਲਾਲ-ਪੀਲੇ ਹੋ ਜਾਣ ਵਾਲੇ ਸੁਭਾਅ ਦੇ ਬਾਵਜੂਦ ਪਿਤਾ ਜੀ ਦੇ ਮੋਹ ਦਾ ਰੱਜਵਾਂ ਨਿੱਘ...।

ਉਸ ਇਕ ਲੰਮਾ ਸਾਹ ਛੱਡਦਿਆਂ ਸੋਚਿਆ, 'ਉਫ਼... ਇਹਤਾਂ ਚਾਲੀ ਸਾਲ ਪਹਿਲਾਂ ਦੀ ਗੱਲ ਹੈ...।' ਯਾਨੀ ਅੱਧੀ ਸਦੀ ਤੋਂ ਕੁੱਝ ਘੱਟ।

...

ਬੀਤੀ ਅੱਧੀ ਸਦੀ ਨੇ ਘਰ ਵਿਚਲੇ ਕਈ ਜੀਅ ਵਕਤੋਂ ਪਹਿਲਾਂ ਮੁਕਾ ਦਿੱਤੇ ਹਨ। ਉਹ ਸੋਚਦੀ ਜਦ ਪਾਣੀ ਭਰਨ ਦੀ ਮੁਸੀਬਤ ਸੀ, ਤਦ ਉਨ੍ਹਾਂ ਦਾ ਟੱਬਰ ਕਿੰਨਾ ਵੱਡਾ ਸੀ। ਅੱਜ ਜਦ ਕੋਈ ਮੁਸ਼ਕਿਲ ਨਹੀਂ ਤਾਂ ਟੱਬਰ ਪਤਾ ਨਹੀਂ ਕਿਵੇਂ ਐਡਾ ਨਿੱਕਾ ਰਹਿ ਗਿਆ ਹੈ। ਉਹ, ਉਸ ਦਾ ਇਕ ਭਰਾ... ਤੇ ਪਿਤਾ ਜੀ...! ਵਕਤ ਨੇ ਉਸ ਦੀਆਂ ਦੋ ਭੈਣਾਂ ਤੇ ਇਕ ਭਰਾ ਦੇ ਨਾਲ-ਨਾਲ ਮਾਂ ਨੂੰ ਵੀ ਤਾਰਿਆਂ ਵਿੱਚ ਤਬਦੀਲ ਕਰ ਦਿੱਤਾ ਸੀ। ਹੁਣ ਵੀ ਖ਼ਿਆਲਾਂ ਵਿੱਚ ਕਈ ਵਾਰੀ ਉਸ ਨੂੰ ਆਪਣੇ ਭਰੇ ਪੂਰੇ ਟੱਬਰ ਦੀ ਉਹੀ ਬਚਪਨ ਵਾਲੀ ਚਹਿਲ-ਪਹਿਲ ਸੁਣਾਈ ਦਿੰਦੀ ਸੀ। ਪਰ ਆਖ਼ਰ ਤਾਂ ਖ਼ਿਆਲਾਂ ਵਿੱਚੋਂ ਵਰਤਮਾਨ ਵਿੱਚ ਮੁੜਨਾ ਹੀ ਪੈਂਦਾ ਏ।

ਕਦੀ ਉਹ ਸੋਚਦੀ ਇਹ ਤਾਂ ਫੇਰ ਵੀ ਬੇਜ਼ੁਬਾਨਾ ਨਲਕਾ ਹੈ। ਜਿਸ ਨੂੰ ਅੱਜ ਵੀ ਪਿਆਰ ਨਾਲ ਜਰਾ ਛੂਹ ਲਵੋ ਤਾਂ ਭਰ-ਭਰ ਨੀਰ ਡੋਲੇਗਾ। ਨਹੀਂ ਤਾਂ ਕਿਸੇ ਫ਼ਕੀਰ ਵਾਂਗ ਖੜ੍ਹਾ ਹੈ ਚੁੱਪ-ਚਾਪ। ...ਫ਼ਕੀਰ ਵਾਂਗ...!

ਪਿਤਾ ਜੀ ਵੀ ਤਾਂ ਕਿਸੇ ਫ਼ਕੀਰ ਵਾਂਗ ਹੀ ਜਾ ਬੈਠੇ ਹਨ, ਜਿਥੇ ਉਨ੍ਹਾਂ ਦਾ ਪੁੱਤਰ ਬਿਠਾ ਗਿਆ, ਸਾਲ ਪਹਿਲਾਂ...। ਸਾਰੀ ਉਮਰ ਜਿਸ ਪਿਤਾ ਨੂੰ ਪੂਰੇ ਰੋਅਬ, ਖ਼ੁਦਦਾਰੀ ਤੇ ਅੜੀ ਨਾਲ ਵਿਚਰਦਿਆਂ ਵੇਖਿਆ ਹੈ ਉਸੇ ਨੂੰ ਹੁਣ ਇੰਝ ਬੇਬਸ ਜਿਹਾ ਵੇਖਣਾ ਕਿੰਨਾ ਦੁੱਖਦਾਈ ਹੈ!

...

ਅੱਜ ਦੀਵਾਲੀ ਦਾ ਦਿਨ ਹੋਣ ਕਰਕੇ ਬੱਚੇ ਘਰ ਸਨ। ਸਾਰਾ ਦਿਨ ਕੰਮ ਹੀ ਮੁੱਕਣ ਨਹੀਂ ਸੀ ਆਇਆ ਤੇ ਫਿਰ ਦੋ-ਤਿੰਨ ਘੰਟੇ ਬਾਜ਼ਾਰ ਵੀ ਲੱਗ ਗਏ ਸਨ। ਤ੍ਰਿਕਾਲਾਂ ਪਈਆਂ ਤਾਂ ਬੱਚਿਆਂ ਨੇ ਦੀਵਿਆਂ ਵਾਲਾ ਕੰਮ ਸ਼ੁਰੂ ਕਰ ਲਿਆ ਸੀ। ਅਗਲੇ ਬਰਾਂਡੇ ਵਿੱਚ ਇਕੋ ਵਾਰੀ ਸਾਰੇ ਦੀਵਿਆਂ ਵਿੱਚ ਬੱਤੀਆਂ ਰੱਖ-ਰੱਖ ਤੇਲ ਭਰਦੇ ਗਏ। ਦੋਨਾਂ ਬੱਚਿਆਂ ਨੇ ਮਿਲ ਕੇ ਕੁੱਝ ਮਿੰਟਾਂ ਵਿੱਚ ਹੀ ਸਾਰੇ ਦੀਵੇ ਜਗਾਉਣ ਲਈ ਤਿਆਰ ਕਰ ਉਸ ਨੂੰ ਆਵਾਜ਼ ਦਿੱਤੀ ਸੀ - "ਮੰਮਾਂ ਆਉ ਦੀਵੇ ਜਗਾਉਣੇ ਸ਼ੁਰੂ ਕਰੀਏ।'

ਬੱਚੇ ਥਾਲੀਆਂ ਵਿੱਚ ਦੀਵੇ ਰਖੀਂ ਬਰਾਂਡੇ ਤੋਂ ਬਾਅਦ ਵੱਖ-ਵੱਖ ਕਮਰਿਆਂ ਵਿੱਚ ਜਾ ਕੇ ਥਾਉਂ-ਥਾਂਈ ਦੀਵੇ ਰੱਖ ਰਹੇ ਸਨ। ਉਸ ਦੇ ਹੱਥ ਵਿੱਚ ਵੀ ਜਗਦੇ ਦੀਵਿਆਂ ਦੀ ਭਰੀ ਥਾਲੀ ਸੀ। ਰਸੋਈ ਵਿੱਚ ਦੀਵੇ ਰੱਖ ਕੇ ਉਸ ਦੇ ਪੈਰ ਆਪ-ਮੁਹਾਰੇ ਪਿਛਲੇ ਵੇਹੜੇ ਵੱਲ ਤੁਰ ਪਏ ਸਨ। ਉਸ ਨੂੰ ਯਾਦ ਆਇਆ ਅੱਜ ਤਾਂ ਸਾਰਾ ਦਿਨ ਉਹ ਪਿਛਲੇ ਵਿਹੜੇ ਵਿੱਚ ਆ ਨਹੀਂ ਸਕੀ। ਉਸ ਨੂੰ ਜਾਪਿਆ ਜਿਵੇਂ ਅੱਜ ਗੁਰੂ ਪੀਰ ਦੀ ਜ਼ਿਆਰਤ ਕਰਨੀ ਰਹਿ ਗਈ ਹੋਵੇ। ਪਿਛਲੇ ਵਿਹੜੇ ਵਿੱਚ ਪੈਰ ਧਰਦਿਆਂ ਹੀ ਉਸ ਨੂੰ ਦੀਵਿਆਂ ਦੀ ਲੋਅ ਵਿੱਚ ਵਿਹੜੇ ਦੇ ਇਕ ਪਾਸੇ ਨਲਕਾ ਦਿਸਿਆ। ਜਿਉਂ ਹਨੇਰੀ ਰਾਤ ਵਿੱਚ ਕੋਈ ਦਰਵੇਸ਼ ਹੱਥ ਜੋੜੀ ਰੱਬ ਅੱਗੇ ਅਰਜੋਈ ਕਰ ਰਿਹਾ ਹੋਵੇ। ਨਲਕੇ ਦਾ ਅੱਗੇ ਵਲ ਹੱਥ ਕੁ ਲੰਬਾ ਮੂੰਹ ਜਿਸ ਦੀ ਗਰਦਨ ਥੱਲੇ ਵੱਲ ਝੁਕੀ ਹੋਈ ਸੀ, ਦਰਵੇਸ਼ ਦੇ ਦੋਵੇਂ ਹੱਥ ਜੁੜ ਕੇ ਇਕ ਹੋਣ ਦੀ ਅਵਸਥਾ ਵਿੱਚ ਹੋਣ ਦਾ ਝਾਵਲਾ ਦੇ ਰਹੇ ਸਨ।

ਉਹ ਹੌਲੀ-ਹੌਲੀ ਤੁਰਦੀ ਨਲਕੇ ਦੇ ਖੁਰ੍ਹੇ ਕੋਲ ਪਹੁੰਚੀ। ਖੁਰ੍ਹੇ ਵਿੱਚ ਨਲਕੇ ਦੇ ਕੋਲ ਚਾਰੇ ਪਾਸੇ ਦੀ ਬੰਨੀ 'ਤੇ ਦੀਵੇ ਟਿਕਾਉਂਦਿਆਂ ਉਸ ਦੇ ਅੱਥਰੂ ਡੁਲ ਪਏ ਸਨ - ਓਫ਼ ਰੱਬ ਜੀ, ਪਿਛਲੇ ਵਿਹੜੇ ਖੜ੍ਹਾ ਇਕ ਇਹ ਦਰਵੇਸ਼!... ਜਾਂ ਇਕ ਦਰਵੇਸ਼, ਦੂਰ ਇਕੱਲਾ ਕਿਤੇ ਝੂਰਦਾ, ਬੇਬਸ ਮੇਰਾ ਪਾਲਣਹਾਰਾ...!ਪਾਣੀ, ਪਿਤਾ!

ਦੀਵੇ ਰੱਖਦਿਆਂ ਉਸ ਨੂੰ ਮੁੜ-ਮੁੜ ਅਹਿਸਾਸ ਹੋ ਰਿਹਾ ਸੀ ਆਖ਼ਰ ਇਹ ਵੀ ਘਰ ਦੇ ਕਿਸੇ ਬਜ਼ੁਰਗ ਵਾਂਗ ਘਰ ਵਿੱਚ ਤੁਰਦੇ-ਫਿਰਦੇ ਲੋਕਾਂ ਦੇ ਕਦਮਾਂ ਦੀ ਆਹਟ (ਬਿੜਕ) ਤਾਂ ਸੁਣਦਾ ਹੀ ਹੋਵੇਗਾ। ਪਰਛਾਵਿਆਂ ਨੂੰ ਦੇਖਦਾ ਵੀ ਹੋਵੇਗਾ... ਜੀਆਂ ਨੂੰ ਉਡੀਕਦਾ ਵੀ ਹੋਵੇਗਾ...।

ਥਾਲੀ ਥੱਲੇ ਰੱਖ, ਦੀਵਿਆਂ ਦੀ ਲੋਅ ਵਿੱਚ ਉਹ ਨਲਕੇ ਕੋਲ ਕਿੰਨਾ ਚਿਰ ਖੜ੍ਹੀ ਰਹੀ ਸੀ। ਉਸ ਨਲਕੇ ਦੇ ਮੂੰਹ ਤੇ ਹੱਥ ਫੇਰਿਆ ਤੇ ਸੋਚਿਆ ਇਸ ਮੂੰਹ ਵਿੱਚੋਂ ਕਿੰਨਾ ਹੀ ਪਾਣੀ ਭਰ-ਭਰ ਬਾਹਰ ਉਛਲਿਆ ਹੋਣਾ ਹੈ। ਉਸ ਨੇ ਦੋਵੇਂ ਹੱਥ ਕਰੰਗੜੀ ਬਣਾ ਹੱਥੀ ਨੂੰ ਉਡੀਕਦੇ ਨਲਕੇ ਦੇ ਉਪਰਲੇ ਸਿਰੇ 'ਤੇ ਨਿਕਲੇ ਦੋ ਮੋਰਿਆਂ ਵਾਲੇ ਲੰਮੇ ਗਜ਼ 'ਤੇ ਟਿੱਕਾ ਲਏ। ਯਕੀਨਨ ਇਸ ਗਜ਼ ਦੇ ਧੁਰ ਥੱਲੇ ਬੋਕੀ ਅੱਜ ਵੀ ਉੱਤੇ ਆਉਣ ਨੂੰ ਤਾਂਘ ਰਹੀ ਹੋਵੇਗੀ। ਨਲਕੇ ਦੇ ਪਾਈਪ ਨੂੰ ਦੋਹਾਂ ਹੱਥਾਂ ਦੇ ਗੋਲ ਘੇਰੇ ਵਿੱਚ ਲੈ ਕੇ ਪਲੋਸਿਆ। ਫਿਸਲਦੇ ਹੋਏ ਉਸ ਦੇ ਹੱਥ ਹੌਲੀ-ਹੌਲੀ ਨਲਕੇ ਦੇ ਮੂੰਹ ਤੇ ਆ ਕੇ ਅਟਕ ਗਏ ਸਨ। ਨਲਕੇ ਦੇ ਮੂੰਹ ਤੇ ਹੱਥ ਰੱਖਿਆਂ ਉਸ ਅੱਜ ਵੀ ਪਾਣੀ ਦੀ ਸੀਤਲਤਾ ਮਹਿਸੂਸ ਕੀਤੀ।

ਅਚਾਨਕ ਉਸ ਨੂੰ ਯਾਦ ਆਇਆ-ਦੀਵਾਲੀ ਦੀ ਰਾਤ ਮਾਂ ਸਭ ਤੋਂ ਪਹਿਲਾਂ ਨਲਕੇ ਦੇ ਮੁੱਢ ਦੀਵਾ ਬਾਲਿਆ ਕਰਦੇ ਸਨ। ਨਲਕਾ ਲਗਣ ਤੋਂ ਪਹਿਲਾਂ ਉਹ ਘੜਵੰਝੀਆਂ 'ਤੇ ਰੱਖੇ ਘੜਿਆਂ ਕੋਲ ਦੀਵਾ ਬਾਲਿਆ ਕਰਦੇ ਸਨ। ਕਹਿੰਦੇ ਸਨ - ਪਹਿਲਾ ਦੀਵਾ ਪਾਣੀ ਦੇ ਕੰਢੇ ਬਾਲਣਾ ਚਾਹੀਦਾ ਹੈ। ਕਿਉਂਕਿ ਪਾਣੀ ਪਿਤਾ ਹੈ। ਸਭ ਦਾ ਪਾਲਨਹਾਰਾ।

ਮਾਂ ਹਮੇਸ਼ਾਂ ਕੋਰੇ ਘੜੇ ਵਿੱਚੋਂ ਪਾਣੀ ਦਾ ਗਿਲਾਸ ਸਭ ਤੋਂ ਪਹਿਲਾਂ ਘਰ ਦੇ ਮਰਦ ਨੂੰ ਯਾਨੀ ਪਿਤਾ ਜੀ ਨੂੰ ਦਿਆ ਕਰਦੇ ਸਨ।

ਉਸ ਨੂੰ ਮਹਿਸੂਸ ਹੋਇਆ ਜਿਵੇਂ ਕਿ ਉਸ ਨੇ ਦੋਹਾਂ ਹੱਥਾਂ ਵਿੱਚ ਨਲਕੇ ਦੇ ਪਾਈਪ ਨੂੰ ਨਹੀਂ, ਸਗੋਂ ਆਪਣੇ ਬਿਰਧ ਪਿਤਾ ਨੂੰ ਕਲਾਵੇ ਵਿੱਚ ਭਰਿਆ ਹੋਇਆ ਹੈ।

ਉਸ ਦੇ ਅੰਦਰੋਂ ਇਕ ਹਉਕਾ ਨਿਕਲਿਆ ਸੀ - "ਪਿਤਾ! ਪਾਲਣਹਾਰਾ!!

"ਆਹਾ... ਆ ਮੰਮਾ ਨਲਕੇ ਦੇ ਆਸੇ-ਪਾਸੇ ਰੱਖੇ ਦੀਵੇ ਕਿੰਨੇ ਸੋਹਣੇ ਲੱਗ ਰਹੇ ਨੇ। ਹੈ ਨਾ...।"

ਉਸ ਨੂੰ ਪਤਾ ਨਾ ਲਗਿਆ ਕਦ ਬੱਚੇ ਇਸ ਵਿਹੜੇ ਵਿੱਚ ਆਏ ਤੇ ਲਟ-ਲਟ ਜੱਗਦੇ ਦੀਵੀਆਂ ਦੀ ਕਤਾਰ ਵੇਖ ਖੁਸ਼ੀ ਨਾਲ ਚਹਿਕ ਰਹੇ ਸਨ। ਆਪਣੀਆਂ ਅੱਖਾਂ ਵਿੱਚੋਂ ਯਾਦਾਂ ਦੀ ਸਾਰੀ ਤਰਲਤਾ ਸਮੇਟ ਦਿਲ ਵਿੱਚ ਉਤਾਰਦਿਆਂ ਬੱਚਿਆਂ ਦੇ ਖੁਸ਼ੀ ਭਰੀ ਬੋਲਾਂ ਦੇ ਜਵਾਬ ਵਿੱਚ ਉਹ ਨਿਮਾ ਜਿਹਾ ਮੁਸਕਰਾ ਹੀ ਸਕੀ ਸੀ।

...

ਕੰਮ-ਕਾਜ ਮੁਕਾ ਕੇ ਆਦਤ ਅਨੁਸਾਰ ਦੁਪਹਿਰ ਵੇਲੇ ਨਲਕੇ ਕੋਲ ਘੜੀ-ਪਲ ਆ ਬੈਠੀ ਨੇ, ਸਾਹਮਣੇ ਕੰਧ ਵੱਲ ਵੇਖਿਆ, ਕੱਚੀ ਥਾਂ 'ਤੇ ਗਿੱਠ-ਗਿੱਠ ਘਾਹ ਫੇਰ ਹੋ ਗਿਆ ਸੀ। ਜਦ ਘਰ ਵਿੱਚ ਆਏ ਸੀ ਤਾਂ ਬੰਦਾ ਬੁਲਾ ਕੇ ਘਰ ਦੀ ਸਫ਼ਾਈ ਦੇ ਨਾਲ ਅਗਲੇ ਪਿਛਲੇ ਵਿਹੜੇ ਵਿੱਚੋਂ ਘਾਹ ਵੀ ਸਾਫ਼ ਕਰਵਾਇਆ ਸੀ। ਉਸ ਨੇ ਸੋਚਿਆ ਕਿਉਂ ਨਾ ਅੱਜ ਉਹ ਆਪ ਹੀ ਘਾਹ ਕੱਢ ਦੇਵੇ।

ਉਸ ਨੇ ਪੁਰਾਣੇ ਸਮਾਨ ਦੀ ਬੋਰੀ ਵਿੱਚੋਂ ਰੰਬਾ ਲੱਭਿਆ ਤੇ ਘਾਹ ਕੱਢਦਿਆਂ ਸੋਚ ਰਹੀ ਸੀ, ਹੁਣ ਉਹ ਇਥੇ ਤੁਲਸੀ ਲਗਾਏਗੀ। ਜੇ ਹੋ ਸਕਿਆ ਤਾਂ ਦੂਜੇ ਕੋਨੇ ਫੁਲਾਂ ਦੇ ਬੂਟੇ ਵੀ ਲਾਵੇਗੀ। ਬਾਹਰਲੇ ਵਿਹੜੇ ਵਿੱਚ ਵੀ ਉਸ ਕੁੱਝ ਨਹੀਂ ਸੀ ਲਾਇਆ। ਬਸ ਉਸਦਾ ਦਿਲ ਹੀ ਨਹੀਂ ਸੀ ਕੀਤਾ ਇਥੇ ਕੁਝ ਬੀਜਣ-ਉਗਾਉਣ ਨੂੰ। ਸਭ ਕੁੱਝ ਹੁੰਦਿਆਂ ਸੁੰਦਿਆਂ ਇਥੇ ਉਸ ਦਾ ਦਿਲ ਨਹੀਂ ਸੀ ਟਿਕਿਆ। ਪਤਾ ਨਹੀਂ ਕਿਉਂ ਇਥੇ ਆ ਕੇ ਉਸ ਨੂੰ ਪਿਛੇ ਛੱਡ ਆਏ ਚੰਡੀਗੜ੍ਹ ਸ਼ਹਿਰ ਦੀ ਖਿੱਚ ਵੱਧ ਗਈ ਸੀ। ਕਈ ਵਾਰੀ ਉਸ ਨੂੰ ਜਾਪਦਾ ਉਥੇ ਕੋਈ ਉਸ ਨੂੰ ਵਾਜਾਂ ਮਾਰ ਰਿਹਾ ਹੈ।

ਖ਼ਿਆਲਾਂ ਵਿੱਚ ਗੁੰਮ ਘਾਹ ਖੋਦਦੀ ਦਾ ਰੰਬਾ ਮਿੱਟੀ ਵਿੱਚ ਡੂੰਘਾ ਕਿਸੇ ਚੀਜ਼ ਨਾਲ ਜਾ ਟਕਰਾਇਆ ਤਾਂ ਉਹ ਵਰਤਮਾਨ ਵਿੱਚ ਮੁੜੀ। ਉਸ ਘਾਹ ਦੀਆਂ ਜੜ੍ਹਾਂ ਤੋਂ ਜਰਾ ਕੁ ਹੇਠਾਂ ਤਕ ਰੰਬੇ ਨਾਲ ਮਿੱਟੀ ਨੂੰ ਹੋਰ ਪਰ੍ਹਾਂ ਕੀਤਾ ਤਾਂ ਲੋਹੇ ਦਾ ਇਕ ਸਿਰਾ ਜਿਹਾ ਦਿਸਿਆ। ਉਸ ਸਿਰੇ ਨੂੰ ਇਕ ਝੱਟਕੇ ਨਾਲ ਬਾਹਰ ਵਲ ਖਿੱਚਦਿਆਂ ਹੀ ਲੋਹੇ ਦੀ ਡੇਢ ਕੁ ਫੁੱਟ ਲੰਬੀ, ਜਿਸ ਦੇ ਉਪਰਲੇ ਸਿਰੇ ਵਿਚਲੀ ਮੋਰੀ ਵਿੱਚ ਫਸੀ ਕਿਲ ਸਮੇਤ ਉਸ ਦੇ ਹੱਥ ਵਿੱਚ ਜਿਹੜੀ ਸ਼ੈਅ ਆਈ ਸੀ, ਉਹ ਸੀ ਨਲਕੇ ਦੀ ਹੱਥੀ।

ਹੱਥੀ ਨੂੰ ਸਾਫ਼ ਕਰਦਿਆਂ ਉਸ ਨੂੰ ਅਜੀਬ ਜਿਹਾ ਚਾਅ ਚੜ੍ਹ ਗਿਆ। ਉਸ ਨੇ ਹੱਥੀ, ਨਲਕੇ ਨੂੰ ਲਾਈ। ਕਿਲ ਦੇ ਅਗਲਾ ਬੋਲਟ ਨਹੀਂ ਸੀ। ਉਸ ਦੇ ਚੇਤੇ ਵਿੱਚ ਇਕਦਮ ਪਿਤਾ ਜੀ ਦੀ ਗਲ ਘੁੰਮ ਗਈ ਸੀ-ਕਿਲ ਅਗੇ ਬੋਲਟ ਨਾਂ ਲਗਿਆ ਹੋਵੇ ਤਾਂ ਨਲਕਾ ਗੇੜਦਿਆਂ ਹੱਥੀ ਉੱਪਰੋਂ ਥਲੇ ਲਿਆਉਣ ਤੋਂ ਬਾਅਦ ਪਲ ਕੁ ਠਹਿਰਾਅ ਜ਼ਰੂਰ ਦਈਦਾ ਹੁੰਦਾ। ਬਿਨਾਂ ਠਹਿਰਾਅ ਤੋਂ ਲਗਾਤਾਰ ਗੇੜਦਿਆਂ ਹੱਥੀ, ਕਿਲ ਤੇ ਗਜ਼ ਦੀ ਰਗੜ ਨਾਲ ਕਿਲ ਖਿਸਕਦੀ-ਖਿਸਕਦੀ ਹੱਥੀ ਤੇ ਗਜ਼ ਦੀਆਂ ਮੋਰੀਆਂ ਵਿੱਚੋਂ ਬਾਹਰ ਨਿਕਲ ਜਾਵੇਗੀ ਤੇ ਚਲਾਉਣ ਵਾਲਾ 'ਗੜਚ' ਕਰਦਾ ਥੱਲੇ ਜਾ ਪਵੇਗਾ।

ਨਿੱਕੇ ਹੁੰਦਿਆਂ ਇੰਝ ਕਈ ਵਾਰੀ ਡਿੱਗ ਪੈਣ ਵਾਲੇ ਦ੍ਰਿਸ਼ ਚੇਤੇ ਕਰਦਿਆਂ ਉਸ ਦੇ ਬੁਲ੍ਹਾਂ ਤੇ ਹਾਸਾ ਆ ਗਿਆ ਸੀ।

ਉਹ ਜਾਣਦੀ ਸੀ ਚਿਰਾਂ ਤੋਂ ਅਣਵਰਤੇ ਨਲਕੇ ਦੇ ਪਾਈਪ ਵਿਚਲੀ ਚਮੜੇ ਵਾਲੀ ਬੋਕੀ ਸੁੱਕ ਗਈ ਹੋਵੇਗੀ। ਉਸ ਡੱਬੇ ਨਾਲ ਪਾਣੀ ਦੀ ਪੂਰੀ ਬਾਲਟੀ, ਨਲਕੇ ਦੇ ਉੱਪਰ ਸਿਰੇ ਤੋਂ ਪਾਈਪ ਅੰਦਰ ਉੜੇਲ ਦਿੱਤੀ। ਨਲਕੇ ਦੇ ਅੰਦਰ ਗੜ-ਗੜ ਕਰਦੇ ਪਾਣੀ ਲੰਘਣ ਦੀ ਆਵਾਜ਼ ਆਈ। ਝੱਟ ਕੁ ਬਾਅਦ ਉਸ ਨੇ ਨਲਕਾ ਚਲਾਇਆ ਤਾਂ ਪਹਿਲੀ ਵਾਰ ਹੌਲੀ-ਫੁੱਲ ਹੱਥੀ ਝੱਟ ਥੱਲੇ ਵਲ ਖਿਸਕ ਗਈ। ਇੰਜ ਹੀ ਦੂਜੀ-ਤੀਜੀ ਵਾਰੀ ਗੇੜਨ ਤੋਂ ਬਾਅਦ ਹੱਥੀ, ਹੱਲਕੇ ਭਾਰੀਪਨ ਨਾਲ ਹੌਲੀ-ਹੌਲੀ ਥੱਲੇ ਵੱਲ ਜਾਂਦੀ ਇੰਝ ਪ੍ਰਤੀਤ ਹੋਈ ਜਿਵੇਂ ਭਰੀ ਕੁੱਖ ਸਾਂਭੀ ਤੀਵੀਂ ਬੋਚ-ਬੋਚ ਪੈਰ ਧਰ ਰਹੀ ਹੋਵੇ। ਉਸ ਹੱਥੀ ਵੱਲ ਬੜੀ ਰੀਝ ਨਾਲ ਤਕਿਆ।

ਦਸ-ਬਾਰ੍ਹਾਂ ਵਾਰ ਗੇੜਨ ਨਾਲ ਹੀ ਨਲਕੇ ਦੇ ਮੂੰਹ ਵਿੱਚੋਂ ਪੀਲਾ ਜਿਹਾ ਘੁੱਟ ਕੁ ਪਾਣੀ ਡਿਗਿਆ। ਜਿਵੇਂ ਕਿਸੇ ਨੇ ਕੁਰਲੀ ਕੀਤੀ ਹੋਵੇ। ਅੱਗਲੇ ਗੇੜੇ ਨਲਕੇ ਨੇ ਮੂੰਹ ਭਰ ਪਾਣੀ ਸੁੱਟਿਆ। ਪਰ ਪਾਣੀ ਮੈਲਾ ਜਿਹਾ ਸੀ। ਜਿਵੇਂ ਹੁਬਕੀ-ਹੁਬਕੀ ਰੋਂਦੇ ਨੈਣਾਂ ਦੇ ਪਾਣੀ ਵਿੱਚ ਕੱਜਲ ਘੁਲਿਆ ਹੋਵੇ। ਇਸ ਵਕਤ ਉਸ ਤੇ ਕਈ ਅਹਿਸਾਸ ਤਾਰੀ ਸਨ। ਹੁਣ ਉਹ ਤਦ ਤੱਕ ਲਗਾਤਾਰ ਨਲਕਾ ਗੇੜਦੀ ਰਹੀ ਜਦ ਤੱਕ ਨਲਕੇ ਵਿੱਚੋਂ ਸਾਫ਼ ਪਾਣੀ ਨਾ ਆ ਗਿਆ। ਆਖ਼ਰ ਉਹ ਹੰਭ ਕੇ ਖੁਰੇ ਦੀ ਬੰਨੀ 'ਤੇ ਹੀ ਬਹਿ ਗਈ। ਗਿਲੇ ਖੁਰ੍ਹੇ ਵਿੱਚੋਂ ਰੁੜਦੇ ਪਾਣੀ ਨੂੰ ਵੇਖ ਕੇ ਉਸ ਦੀਆਂ ਭੁਬਾਂ ਨਿਕਲ ਗਈਆਂ ਸਨ। ਉਹ ਕਿਸੇ ਨੂੰ ਚੇਤੇ ਕਰਦਿਆਂ ਦਿਲ ਭਰ ਕੇ ਰੋਈ। ਆਪੇ ਰੋਈ ਤੇ ਆਪੇ ਚੁੱਪ ਹੋਈ। ਪਰ ਨਲਕੇ ਵਲ ਨਜ਼ਰ ਟਿੱਕਾ ਕਿੰਨਾ ਹੀ ਚਿਰ ਵੇਖਦੀ ਨੇ ਦਿਲ ਵਿੱਚ ਕੁਝ ਧਾਰ ਲਿਆ ਸੀ।

ਅਗਲੀ ਸਵੇਰ ਉਸ ਨੇ ਬੱਚਿਆਂ ਦੇ ਘਰੋਂ ਜਾਣ ਤੋਂ ਪਹਿਲਾਂ ਹੀ ਉਹਨਾਂ ਨੂੰ ਦੱਸਿਆ ਕਿ ਉਹ ਚੰਡੀਗੜ੍ਹ ਜਾ ਰਹੀ ਹੈ, ਸ਼ਾਮ ਤਕ ਮੁੜ ਆਵੇਗੀ। ਬੱਚਿਆਂ ਨੇ ਕੁੱਝ ਵੀ ਪੁੱਛਣ ਦੀ ਲੋੜ ਨਾ ਸਮਝੀ। ਬਲਕਿ ਉਹ ਸੋਚ ਰਹੇ ਸਨ, ਮੰਮਾਂ ਪੰਜ-ਛੇ ਮਹੀਨਿਆਂ ਬਾਅਦ ਕਿਉਂ ਜਾ ਰਹੇ ਹਨ? ਹੁਣ ਤਕ ਤਾਂ ਮੰਮਾ ਨੂੰ ਕਈ ਚੱਕਰ ਲਾ ਲੈਣੇ ਚਾਹੀਦੇ ਸਨ...।

ਘਰ ਵਾਪਸ ਮੁੜਦਿਆਂ ਉਸ ਨੂੰ ਹਨੇਰਾ ਪੈ ਗਿਆ ਸੀ। ਆਪਣੇ ਗੇਟ ਅੱਗੇ ਟੈਕਸੀ ਦੇ ਰੁਕਣ ਤੇ ਗੇਟ ਖੁਲ੍ਹਣ ਦੀ ਆਵਾਜ਼ ਸੁਣ ਬੱਚੇ ਬਾਹਰ ਆ ਗਏ। ਉਹ ਦੋਨਾਂ ਬਾਹਾਂ ਤੋਂ ਫੜੀ ਇਕ ਲਿੱਸੇ ਜਿਹੇ ਸਰੀਰ ਨੂੰ ਸਹਾਰਾ ਦੇ ਟੈਕਸੀ ਵਿੱਚੋਂ ਬਾਹਰ ਕੱਢ ਰਹੀ ਸੀ। ਆਪਣੀ ਮਾਂ ਨਾਲ ਨਾਨੇ ਨੂੰ ਵੇਖਦਿਆਂ ਹੀ ਬੱਚਿਆਂ ਦੇ ਚਿਹਰੇ ਖਿੜ ਗਏ ਸਨ। ਕੋਹਡੀ ਕਮਰ, ਬੁੱਢੀਆਂ ਬੇਵੱਸ ਜਿਹੀਆਂ ਅੱਖਾਂ ਅਤੇ ਝੁਰੜੀਆਂ ਭਰੇ ਹੱਥ ਵਿੱਚ ਸੋਟੀ ਫੜੇ ਗੇਟ ਅੱਗੇ ਖੜ੍ਹੇ ਪਿਤਾ ਜੀ ਹਉਕੇ ਵਰਗੀ ਆਵਾਜ਼ ਵਿੱਚ ਬੋਲੇ ਸਨ - "ਧੀਏ, ਮੈਂ ਤੇਰੇ ਘਰ ਬੈਠਾ ਚੰਗਾ ਲੱਗਦਾ ਹਾਂ...? ਤੂੰ ਆਪ ਮੁਸੀਬਤਾਂ ਮਾਰੀ..."

ਪਿਤਾ ਜੀ ਨੂੰ ਵਿੱਚੋਂ ਹੀ ਟੋਕਦਿਆਂ ਉਹ ਬੋਲੀ ਸੀ, "ਬਸ ਪਿਤਾ ਜੀ, ਹੁਣ ਮੁੜ ਕੁਝ ਨਹੀਂ ਕਹਿਣਾ ਤੁਸੀਂ। ਮੁੱਕ ਗਈਆਂ ਹਨ ਮੇਰੀਆਂ ਮੁਸੀਬਤਾਂ। ਆਹ ਵੇਖੋ ਹੁਣ ਤੁਹਾਡਾ ਦੋਹਤਾ ਕਮਾਉਂਦਾ- ਖਟਦਾ ਹੈ। ਕਲ ਨੂੰ ਇਹ ਦੂਜਾ ਵੀ ਪੜ੍ਹ-ਲਿੱਖ ਕੇ ਕਮਾਏਗਾ ਹੀ, " ਉਸ ਨੇ ਕੋਲ ਪਹੁੰਚ ਗਏ ਆਪਣੇ ਦੋਹਾਂ ਬੇਟਿਆਂ ਵਲ ਇਸ਼ਾਰਾ ਕਰਦਿਆਂ ਕਿਹਾ। "ਮੇਰੀ ਕਮਾਈ ਨਹੀਂ ਇਹ, ਨਾ ਹੀ ਮੇਰਾ ਘਰ ਏ। ਇਹ ਤੁਹਾਡੇ ਦੋਹਤੇ ਦਾ ਘਰ ਹੈ। ਦੋਹਤੇ ਵੀ ਪੁੱਤ ਹੀ ਹੁੰਦੇ ਹਨ।"

"ਨਾਂ ਧੀਏ, ਬੈਠਾ ਤਾਂ ਮੈਂ ਉਸ ਦੇ ਘਰ ਹੀ ਚੰਗਾ ਲੱਗਦਾ ਸੀ, ਜਿਹੜਾ ਮੈਨੂੰ ਛੱਡ ਗਿਆ ਏ ਬਿਰਧ ਘਰ...।" ਇਕ ਲੰਬੀ ਆਹ ਹਵਾ ਵਿੱਚ ਫੈਲ ਗਈ ਸੀ।

ਸੱਜੇ-ਖਬੇ ਤੁਰਦੇ ਦੋਵੇਂ ਮੁੰਡੇ, ਪਿਤਾ ਜੀ ਨੂੰ ਲੱਕ ਦੁਆਲਿਓਂ ਬਾਹਾਂ ਨਾਲ ਇੰਝ ਹੀ ਵਲ ਕੇ ਕਮਰੇ ਅੰਦਰ ਲਿਆ ਰਹੇ ਸਨ, ਜਿਵੇਂ ਉਹ ਆਪ ਕਈ ਵਾਰ ਅਣਭੋਲ ਹੀ ਨਲਕੇ ਦੇ ਪਾਈਪ ਨੂੰ ਦੋਹਾਂ ਬਾਹਾਂ ਵਿੱਚ ਵੱਲ ਲੈਂਦੀ ਸੀ।

"ਕੋਈ ਗੱਲ ਨਹੀਂ... ਉਸ ਦੀ ਵੀ ਮਜ਼ਬੂਰੀ ਹੋਵੇਗੀ ਕੋਈ...। ਉਸ ਦਾ ਅੰਨ-ਜਲ ਦੂਰ ਜਾ ਖਿੰਡਿਆ ਏ ਤਾਂ ਉਹੀ ਵੀ ਕੀ ਕਰੇ...। ਪਿਛਲਾ ਸਾਰਾ ਸਾਲ ਤਾਂ ਮੈਂ ਉਥੇ ਚੰਡੀਗੜ੍ਹ ਵਿੱਚ ਸਾਂ, ਹਰ ਹਫ਼ਤੇ ਤੁਹਾਨੂੰ ਦੇਖ ਆਉਂਦੀ ਸਾਂ। ਹੁਣ ਇਥੇ..." ਚਾਈਂ ਚਾਈਂ ਪਿਛੋਂ ਤੁਰੀ ਆਉਂਦੀ ਉਹ ਸਹਿਜੇ ਹੀ ਬੋਲੀ ਸੀ।

ਅਗਲੇ ਦਿਨ ਨਾਹ-ਧੋ ਕੇ ਨਲਕੇ ਸਾਹਮਣੇ ਮੰਜੀ ਤੇ ਧੁੱਪੇ ਬੈਠੇ ਪਿਤਾ ਜੀ ਦੇ ਸਿਰ ਵਿੱਚ ਤੇਲ ਝੱਸਦਿਆਂ ਉਹ ਬੜੀ ਰੀਝ ਨਾਲ ਨਲਕੇ ਨੂੰ ਵੇਖਦੀ ਰਹੀ। ਕਦੀ ਨਲਕੇ ਨੂੰ ਵੇਖਦੀ ਕਦੇ ਭਰ ਪਿਤਾ ਜੀ ਦਾ ਚਿਹਰਾ ਵੇਖਦੀ। ਵੇਖਦੀ ਤੇ ਸੋਚਦੀ - "ਹਾਏ... ਗੁਆਚਿਆ ਕੁਝ ਵੀ ਲੱਭਣ ਭੱਲਾ ਸੋਖਾ ਏ...? ਚਾਹੇ ਚੀਜ਼ਾਂ ਹੋਣ ਜਾਂ ਇਨਸਾਨ...। ਪਿਛੋਂ ਅਫ਼ਸੋਸ ਕਰਨ ਨਾਲੋਂ ਪਹਿਲੋਂ ਗੁਆਚਣ ਹੀ ਨਾ ਦਿਓ... ਵਕਤ ਰਹਿੰਦਿਆਂ ਸਾਂਭ ਈ ਲਓ...।"

# ਯੋਗ ਹੈ ਇਕ ਸੰਪੂਰਨ ਇਲਾਜ ਵਿਧੀ

**ਸੀਤਾ ਰਾਮ ਗੁਪਤਾ**

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ।

ਯੋਗ ਇਕ ਸੰਪੂਰਨ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਵਾਲ ਉਠਦਾ ਹੈ ਕਿ ਸਰੀਰਕ ਅਭਿਆਸ ਕ੍ਰਮ ਮਹੱਤਵਪੂਰਨ ਹੈ ਜਾਂ ਮਾਨਸਿਕ ਅਭਿਆਸ ਕ੍ਰਮ? ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਨ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ। ਇਥੇ ਮਨ ਮਹੱਤਵਪੂਰਨ ਹੋ ਜਾਂਦਾ ਹੈ। ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਜਾਂ ਉਮੀਦ ਕਰਦੇ ਹਾਂ, ਉਹ ਮਨ ਮਸਤਿਕ ਦੀ ਅਲਫਾ ਅਵਸਥਾ ਵਿਚ ਹੀ ਪੂਰਾ ਹੁੰਦਾ ਹੈ।

ਹੁਣ ਸਵਾਲ ਉਠਦਾ ਹੈ ਕਿ ਜੇਕਰ ਮਨ ਦਾ ਹੀ ਸਾਰਾ ਖੇਡ ਹੈ ਤਾਂ ਫਿਰ ਆਸਣ ਅਤੇ ਪ੍ਰਾਣਾਯਾਮ ਦੀ ਕੀ ਲੋੜ ਹੈ? ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜੇਕਰ ਵਿਅਕਤੀ ਦਾ ਮਨ ਬੇਹੱਦ ਚੰਚਲ ਨਹੀਂ ਹੈ ਅਤੇ ਆਸਾਨੀ ਨਾਲ ਇਕਾਗਰਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਲਈ ਆਸਣ ਅਤੇ ਪ੍ਰਾਣਾਯਾਮ ਦਾ ਵਧੇਰੇ ਅਭਿਆਸ ਜ਼ਰੂਰੀ ਨਾ ਵੀ ਹੋਵੇ, ਪਰ ਚੰਚਲ ਚਿੱਤ ਵਾਲਿਆਂ ਲਈ ਯੋਗ ਦਾ ਅਭਿਆਸ ਜ਼ਰੂਰੀ ਹੈ। ਜੇਕਰ ਤੁਹਾਡਾ ਮਨ ਘੱਟ ਚੰਚਲ ਹੈ ਜਾਂ ਤੁਸੀਂ ਪਹਿਲਾਂ ਹੀ ਉਚਿਤ ਅਭਿਆਸ ਕਰ ਚੁੱਕੇ ਹੋ ਤਾਂ ਸਰੀਰ ਨੂੰ ਸਹੀ ਆਸਣ ਵਿਚ ਰੱਖ ਕੇ 2-4 ਡੂੰਘੇ ਸਾਹ ਲੈਣ ਨਾਲ ਹੀ ਤੁਸੀਂ ਅਲਫਾ ਅਵਸਥਾ ਵਿਚ ਪਹੁੰਚ ਜਾਵੋਗੇ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਤੁਸੀਂ ਜੋ ਸੋਚੋਗੇ ਜਾਂ ਜੋ ਸੋਚ ਤੁਹਾਡੀ ਹੋਵੇਗੀ, ਉਹੀ ਭੌਤਿਕ ਜਗਤ ਵਿਚ ਅਸਲੀਅਤ ਗ੍ਰਹਿਣ ਕਰ ਲਵੇਗੀ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ। ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

ਸੁੱਖ-ਦੁੱਖ, ਲਾਭ-ਹਾਨੀ, ਆਮਦਨ-ਖਰਚ, ਮਾਣ-ਅਪਮਾਨ ਤੋਂ ਉੱਪਰ ਉਠ ਕੇ ਸਮਤਾ ਵਿਚ ਸਥਿਤ ਹੋ ਜਾਣਾ ਹੀ ਅਸਲ ਵਿਚ ਇਲਾਜ ਹੈ। ਇਥੋਂ ਹੀ ਧਿਆਨ ਤੋਂ ਸਮਾਧੀ ਵੱਲ ਵਧਣ ਦਾ ਮਾਰਗ ਸ਼ੁਰੂ ਹੁੰਦਾ ਹੈ। ਇਹੀ ਯੋਗ ਦੀ ਸਿਖਰ ਅਵਸਥਾ ਹੈ। ਇਸੇ ਵਿਚ ਹੀ ਯੋਗ ਦੀ ਪੂਰਨਤਾ ਹੈ।

# ਜੇਠੂ ਦਾ ਕੋਠਾ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਸਟੇਜ਼ ਨੰ. 1 ਤੋਂ**

**ਜੇਠੂ** : ਮਕਾਨ? ਸਰਕਾਰ ਨੂੰ ਸਾਡਾ ਕਿੰਨਾ ਫ਼ਿਕਰ ਏ!

**ਸ਼ਾਮਾਂ** : ਆਹੋ ਸਰਕਾਰ ਨੂੰ ਤੇਰਾ ਫ਼ਿਕਰ ਈ ਵੱਢ-ਵੱਢ ਖਾਈ ਜਾ ਰਿਹੈ! ਰਾਂਝਾ ਜੁ ਹੋਇਆ ਤਖ਼ਤ ਹਜਾਰੇ ਦਾ! ਸੁਣੀ ਜਾ, ਠਹਿਰ ਕੇ ਵਿਚਾਰ ਵੀ ਕਰੀਂ ਕਿ ਤੇਰੇ ਪੱਲੇ ਕੀ ਪਿਆ। ਹੋਰ ਸੁਣ.....

**ਸਟੇਜ਼ ਨੰ. 2 ਤੋਂ**

**ਨੇਤਾ** : ਸਾਰੇ ਗਰੀਬ ਭਾਵੇਂ ਕਿਸੇ ਵੀ ਧਰਮ ਦੇ ਹੋਣ, ਕਿਸੇ ਵੀ ਜਾਤ ਦੇ ਹੋਣ, ਕਿਸੇ ਵੀ ਕਬੀਲੇ ਦੇ ਹੋਣ, ਸਾਡੇ ਆਪਣੇ ਭਰਾ ਹਨ। ਸਾਡੇ ਸੈਕਟਰੀ ਸਾਹਿਬ ਫਾਈਲ ਤਿਆਰ ਕਰ ਰਹੇ ਨੇ, ਹਰ ਗਰੀਬ ਬੇਘਰੇ ਨੂੰ ਪੰਜ ਮਰਲੇ ਥਾਂ ਵੀ ਦਿਆਂਗੇ ਤੇ ਘਰ ਵੀ ਬਣਾ ਕੇ ਦਿਆਂਗੇ।

ਸਟੇਜ਼ ਨੰ. 1 ਤੋਂ

**ਜੇਠੂ** : ਪੰਜ ਮਰਲੇ ਥਾਂ ਵੀ ਤੇ ਘਰ ਵੀ? ਸਰਕਾਰ ਜੀ, ਸਾਨੂੰ ਸਿਰਫ਼ ਥਾਂ ਹੀ ਦੇ ਦਿਓ, ਘਰ ਆਪੇ ਬਣਾ ਲਵਾਂਗੇ। (ਰੋਅਬ ਵਾਲੀ ਆਵਾਜ਼ ਵਿੱਚ) ਸੇਠ ਕੁੜਿੱਕੀ ਸ਼ਾਹ, ਹੁਣ ਵੇਖੀਂ ਮੈਂ ਪੂਛਾਂ ਚੁਕਾ ਦਿਆਂਗਾ। ਕੀ ਕਰ ਲਏਂਗਾ ਮੇਰਾ? ਤੈਨੂੰ ਦੁੱਕੀ ਤਿੱਕੀ ਨੂੰ ਮੈਂ ਕੀ ਸਮਝਦਾਂ। ਮੇਰਾ ਨਾਂ ਵੀ.....

**ਸ਼ਾਮਾਂ** : ਜੇਠੂ ਏ, ਸਿਆਣੇ ਲੋਕ ਵੱਡੇ ਬੰਦਿਆਂ ਨਾਲ ਪੰਗਾ ਲੈਣ ਤੋਂ ਪਹਿਲਾਂ ਸੌ ਵਾਰ ਸੋਚਦੇ ਨੇ।

**ਜੇਠੂ** : ਕੀ ਸੋਚਦੇ ਨੇ?

**ਸ਼ਾਮਾਂ** : ਸਰਕਾਰ ਨੇ ਮਾੜੀ ਜਿਹੀ ਅਨਾਊਂਸਮੈਂਟ ਕੀਤੀ ਏ ਤੇ ਤੂੰ ਸੇਠ ਕੁੜਿੱਕੀ ਸ਼ਾਹ ਦੇ ਉਲਟ ਬੜਕਾਂ ਮਾਰਨ ਲੱਗ ਪਿਐਂ।

**ਜੇਠੂ** : ਮੈਂ ਸਾਹਨ ਬੰਦਾ ਵਾਂ ਸਾਹਨ, ਪਰਵਾਹ ਨਹੀਂ ਟੁੰਡੇ ਲਾਟ ਦੀ।

**ਸ਼ਾਮਾਂ** : ਤੇ ਕੁੜਿੱਕੀ ਸ਼ਾਹ ਚੰਗੀ ਤਰ੍ਹਾਂ ਜਾਣਦੈ ਕਿ ਸਾਹਨ ਨੂੰ ਜ਼ਮੀਨ 'ਤੇ ਕਿਵੇਂ ਸੁੱਟਣਾ ਏ ਤੇ ਉਹਦੀ ਮਿੱਟੀ ਕਿਵੇਂ ਪਲੀਤ ਕਰਨੀ ਏ। ਕੁੜਿੱਕੀ ਸ਼ਾਹ ਦੇ ਹੱਥ ਬੜੇ ਲੰਮੇ ਨੇ।

**ਜੇਠੂ** : ਮੈਂ ਉਹਦੇ ਹੱਥ ਵੱਢ ਦਿਆਂਗਾ।

**ਸ਼ਾਮਾਂ** : ਉਹਦੇ ਹੱਥ ਵੱਢਣੇ ਖਾਲਾ ਜੀ ਦਾ ਵਾੜਾ ਨਹੀਂ। ਤੇਰਾ ਪਿਉ ਜਿਹੜਾ ਸਵਰਗਾਂ ਵਿਚ ਬੈਠੈ, ਉਹ ਜਾਣਦੈ ਕੁੜਿੱਕੀ ਸ਼ਾਹ ਦੀ ਤਾਕਤ, ਤੇਰੇ ਪਿਓ ਨੂੰ ਉਹਨੇ ਕਰਜ਼ੇ ਵਿਚ ਐਨਾ ਫਸਾਇਐ ਕਿ ਵਿਆਜ਼ ਲਾ ਲਾ ਰਾਈ ਦਾ ਪਹਾੜ ਬਣਾ ਤਾ..... ਫਿਰ ਤੁਹਾਡਾ ਇਹ ਘਰ ਕਬਜ਼ੇ 'ਚ ਕਰ ਲਿਆ ਜਿਥੇ ਤੂੰ ਰਹਿੰਦਾ ਏਂ।

**ਜੇਠੂ** : (ਗਰਜਵੀਂ ਆਵਾਜ਼ ਵਿਚ) ਕੁੜਿੱਕੀ ਸ਼ਾਹ! ਤੇਰੇ ਦਿਨ ਥੋੜ੍ਹੇ ਨੇ..... ਹਾਂ ਸੱਚ, ਸਰਕਾਰ ਨੇ ਜਿਹੜੇ ਮਕਾਨ ਤੇ ਪਲਾਟ ਸਾਡੇ ਨਾਂ ਕਰਨੇ ਨੇ, ਮੈਂ ਤਾਂ ਤਾੜੀ ਮਾਰਨੀ ਹੀ ਭੁੱਲ ਗਿਆ। ਤੂੰ ਵੀ ਮਾਰ ਤਾੜੀ।

**ਸ਼ਾਮਾਂ** : ਮੈਂ ਵੀ ਮਾਰ ਦੇਣਾਂ ਤਾੜੀ, ਤੂੰ ਘੜੀ ਖੁਸ਼ ਹੋ ਜਾਏਂ।

(ਦੋਵੇਂ ਤਾੜੀਆਂ ਮਾਰਦੇ ਹਨ)

**ਜੇਠੂ** : ਮੈਂ ਜਰਾ ਗੌਣ ਦਾ ਸ਼ੌਂਕ ਪੂਰਾ ਕਰ ਲਵਾਂ:

ਜੁਗਨੀ ਜਾ ਵੜੀ ਮੁਲਤਾਨ, ਉੱਥੇ ਵੱਡੇ-ਵੱਡੇ ਭਲਵਾਨ।
ਖਾਂਦੇ ਗਿਰੀਆਂ ਤੇ ਬਦਾਮ, ਮਾਰਨ ਮੁੱਕੀ ਕੱਢਣ ਜਾਨ।
ਵੀਰ ਮੇਰਿਆ ਜੁਗਨੀ......ਹੋਏ ਹੋਏ.......
(ਜੇਠੂ ਨੱਚਦਾ ਹੈ)

**ਸ਼ਾਮਾਂ** : ਪਾਗਲ ਨਾ ਹੋ ਜਾਈਂ ਨੱਚ ਨੱਚ ਕੇ।

**ਜੇਠੂ** : ਪਾਗਲ ਹੋਣ ਨੂੰ ਚਿੱਤ ਕਰਦੈ, ਤੂੰ ਵੀ ਹੋ ਜਾ ਪਾਗਲ।(ਫਿਰ ਗਾਉਂਦਾ ਹੈ)
ਆ ਜਾ ਦੋਵੇਂ ਨੱਚੀਏ, ਪੀਂਘ ਦੇ ਹੁਲਾਰੇ ਨਾਲ।
ਨੀ ਤੂੰ ਨੱਚ ਲੈ, ਹਾਏ ਨੀ ਤੂੰ ਨੱਚ ਲੈ।
ਤੈਨੂੰ ਨੱਚਿਆਂ ਫਰਕ ਨੀਂ ਪੈਣਾ, ਨੱਚ ਕੇ ਮਨਾ ਲੈ ਯਾਰ ਨੂੰ।

**ਸ਼ਾਮਾਂ** : (ਟੋਕਦਾ ਹੋਇਆ) ਉਧਰ ਸੁਣ ਨੇਤਾ ਜੀ ਤੇ ਸਕੱਤਰ ਆਪਸ ਵਿਚ ਗੱਲ ਕਰਦੇ ਪਏ ਨੇ। ਮੈਨੂੰ ਜਾਪਦੈ ਬਿੱਲੀ ਥੈਲੇ ਵਿਚੋਂ ਬਾਹਰ ਆਉਣ ਹੀ ਵਾਲੀ ਏ।
(ਰੋਸ਼ਨੀ ਸਟੇਜ਼ ਨੰ. 2 'ਤੇ ਪੈਂਦੀ ਹੈ)

**ਨੇਤਾ** : ਸੈਕਟਰੀ ਸਾਹਿਬ, ਖੁਸ਼ ਕਰ ਦਿਓ ਜਨਤਾ ਨੂੰ।

ਸਟੇਜ਼ ਸਕੱਤਰ : ਹੋਰ ਅਸੀਂ ਕਰਨ ਕੀ ਆਏ ਆਂ। ਆਹ ਪੰਜ ਸਾਲ ਤਾਂ ਗਏ, ਅਗਲੇ ਪੰਜ ਸਾਲ ਹੋਰ ਰਾਜ ਭਾਗ ਸੰਭਾਲੋ। ਸੂਈ ਉਥੇ ਦੀ ਉਥੇ.....
(ਦੋਵੇਂ ਹੱਸਦੇ ਹਨ)

**ਨੇਤਾ** : ਵਿਰੋਧੀ ਪਾਰਟੀ ਨੂੰ ਚਿੱਤ ਕਰਨ ਵਾਸਤੇ ਮੈਂ ਪਲਾਟਾਂ ਤੇ ਮਕਾਨਾਂ ਦਾ ਪੱਤਾ ਸੁੱਟਿਐ, ਵਿਰੋਧੀਆਂ ਕੋਲ ਕੋਈ ਮੁੱਦਾ ਨਹੀਂ ਰਹਿਣ ਦੇਣਾਂ।

ਸਕੱਤਰ : ਆਹ ਪੱਤਾ ਸੁੱਟ ਦਿੱਤੈ, ਯਾਨੀ ਲਾਰਾ ਲਾ ਦਿੱਤੈ, ਐਨਾ ਥੋੜ੍ਹਾ ਏ? ਬੰਦੇ ਖੁਸ਼ ਕਰ ਦਿੱਤੇ ਨੇ, ਆਹ ਕੋਈ ਛੋਟੀ ਗੱਲ ਨਹੀਂ। ਵੇਖੋ ਸਾਰੇ ਈ ਨੱਚਦੇ ਪਏ ਨੇ।

**ਨੇਤਾ** : ਸੋਹਣੇ ਲੱਗਦੇ ਨੇ, ਇਹਨਾਂ ਦੀ ਮਹੀਨਾ ਭਰ ਚੁੰਜ ਗਿੱਲੀ ਰੱਖੋ, ਫੇਰ ਵੇਖਿਓ ਕਿਵੇਂ ਸਾਡੀ ਝੰਡੀ ਫੜ ਕੇ ਘੁੰਮਣਗੇ ਗਲੀ ਗਲੀ।

ਸਕੱਤਰ : ਹਾਂ ਸਰ ਜੀ, ਸਾਡੀ ਸਟੇਟ ਵਿਚ ਜ਼ਮੀਨ ਹੈ ਕਿੰਨੀ ਕੁ? ਜੇ ਇਹਨਾਂ ਨੂੰ ਵੰਡ ਦਿੱਤੀ ਤਾਂ ਵੱਡੀਆਂ ਕੰਪਨੀਆਂ ਨੂੰ ਕੀ ਮੂੰਹ ਵਿਖਾਵਾਂਗੇ, ਜਿਹਨਾਂ ਤੋਂ ਪੈਸੇ ਲੈ ਕੇ ਆਪਾਂ ਪਿਛਲੀ ਇਲੈਕਸ਼ਨ ਜਿੱਤੀ, ਜਿਨ੍ਹਾਂ ਦੇ ਸਿਰ 'ਤੇ ਅਸੀਂ ਟੀ.ਵੀ. ਚੈਨਲ ਤੱਕ ਕਬਜ਼ੇ 'ਚ ਕਰ ਲਏ। ਨਾਲੇ ਆਹ ਕੰਪਨੀਆਂ ਆਉਣਗੀਆਂ ਤਾਂ ਅਸੀਂ ਵੀ ਸਟੇਜ਼ਾਂ 'ਤੇ ਕਹਿ ਸਕਾਂਗੇ ਕਿ ਫਲਾਣੀ ਕੰਪਨੀ ਦੋ ਲੱਖ ਲੋਕਾਂ ਨੂੰ ਰੁਜ਼ਗਾਰ ਦੇਣ ਜਾ ਰਹੀ ਏ। ਅੱਜ ਹਰ ਕੋਈ ਰੁਜ਼ਗਾਰ ਚਾਹੁੰਦਾ ਏ।
(ਦੋਵੇਂ ਖਚਰਾ ਜਿਹਾ ਹਾਸਾ ਹੱਸਦੇ ਹਨ)

**(ਚਲਦਾ)**

## ਸ਼ਬਦਾਂ ਦੇ ਸੰਜੋਗ

### ਆਕ੍ਰਿਤੀ !

ਇਸ ਮਹਾਨ ਆਕ੍ਰਿਤੀ ਨੂੰ
ਮੈਂ ਵੀ ਦੇਖਿਆ ਹੈ ਤੁਸੀਂ ਵੀ ਦੇਖਿਆ ਹੈ
ਹੋਰਨਾਂ ਨੇ ਵੀ ਦੇਖਿਆ ਹੈ
ਨਾ ਕਿਸੇ ਹੋਰ ਨੂੰ ਇ ਸਦਾ ਕੁਝ ਪਤਾ ਲੱਗਾ ਹੈ
ਨਾ ਹੀ ਮੈਨੂੰ ਕੁਝ ਪਤਾ ਲੱਗਾ ਹੈ
ਅੰਦਾਜ਼ਾ ਜ਼ਰੂਰ ਲਗਾਇਆ ਹੈ
ਰਿਸ਼ੀਆਂ ਵਲੋਂ, ਵਿਗਿਆਨਕਾਰਾਂ ਵੱਲੋਂ
ਸ਼ਾਇਦ ਮੇਰੇ ਵਲੋਂ ਵੀ !
ਪਰ ਇਸ ਹਯਾਤੀ ਨੂੰ ਸਿਰਫ਼
ਪ੍ਰਣਾਮ ਹੀ ਕਰ ਸਕਿਆ ਹਾਂ।
ਜੇ ਕੋਈ ਕਹਿੰਦਾ ਹੈ ਕਿ ਉਸ ਨੂੰ
ਇਸ ਆਕ੍ਰਿਤੀ ਦਾ ਪਤਾ ਲੱਗ ਗਿਆ ਹੈ
ਤਾਂ ਉਹ ਝੂਠ ਕਹਿੰਦਾ ਹੈ
ਇਹ ਸੱਚ, ਮੇਰੀ ਅਨੁਭਵ ਵਿਚ
ਨਹੀਂ ਆ ਸਕਿਆ।

# ਕਾਵਿ-ਕਿਆਰੀ

### ਜ਼ਿੰਦਗੀ/ਹਰਬਖ਼ਸ਼ ਸਿੰਘ ਟਾਹਲੀ (ਲਫ਼ਜ਼ਾਂ ਦੀ ਲੋਏ ਲੋਏ)



ਪੈਸਾ ਜ਼ਿੰਦਗੀ ਨੂੰ ਜੋੜਦਾ ਹੈ
ਤੇ ਤੋੜਦਾ ਵੀ ਹੈ
ਪਿਆਰ ਵੀ ਜੋੜਦਾ ਹੈ ਜ਼ਿੰਦਗੀ ਨੂੰ
ਪਰ ਤੋੜਦਾ ਕਦੇ ਨਹੀਂ
ਪਿਆਰ ਮਿਲਣ ਦੀ ਤੜਪ ਪੈਦਾ ਕਰਦਾ ਹੈ
ਅਤੇ ਪੈਸਾ ਰੱਖਦਾ ਹੈ ਕਬਜ਼ੇ ਦੀ ਭੁੱਖ
ਪੈਸਾ ਕਰਦਾ ਹੈ ਕਬਜ਼ੇ ਲਈ ਯੁੱਧ
ਅਤੇ ਪਿਆਰ ਕਬਜ਼ੇ ਦੀ ਭਾਵਨਾ ਨਹੀਂ ਰੱਖਦਾ
ਪੈਸਾ ਵਧਾਉਂਦਾ ਹੈ ਆਪਣੀਆਂ ਸੀਮਾਵਾਂ
ਪਰ ਪਿਆਰ ਅਸੀਮ ਵਿਚੋਂ ਜਨਮਦਾ ਹੈ
ਪਿਆਰ ਸ਼ਖਸੀ ਹੋਂਦਨ ਹੀਂ
ਪਰ ਪੈਸਾ ਸਖ਼ਸੀਅਤ ਦੀ ਪੂਜਾ ਹੈ
ਪੈਸਾ ਹੁਸਨ ਨੂੰ ਫੜਦਾ ਹੈ
ਅਤੇ ਪਿਆਰ ਇਸ਼ਕ ਤੱਕ ਪਹੁੰਚ ਕਰਦਾ ਹੈ
ਪੈਸਾ ਜ਼ਿੰਦਗੀ ਦੀ ਲੋੜ ਹੈ
ਅਤੇ ਪਿਆਰ ਹੈ ਜ਼ਿੰਦਗੀ ਨੂੰ ਜਾਨਣ ਦੀ ਗੱਲ
ਪੈਸਾ ਹੋਰਨਾਂ ਲਈ ਬਣਾਉਂਦਾ ਹੈ ਦਸਤੂਰ
ਅਤੇ ਪਿਆਰ ਦਸਤੂਰ ਨੂੰ ਪ੍ਰਵਾਨ ਨਹੀਂ ਕਰਦਾ
ਪੈਸਾ ਹਿਣਸਿਆਂ ਦਾ ਵਿਉਪਾਰ ਹੈ
ਪਰ ਪਿਆਰ ਦੀ ਗਿਣਤੀ
ਅਜੇ ਹੋਂਦ ਵਿਚ ਨਹੀਂ ਆਈ
ਪਿਆਰ ਤੇ ਕਿਸੇ ਅਨਹੱਦ ਦਾ ਰਾਗ ਹੈ।
ਪਿਆਰ ਅਤੇ ਪੈਸਾ ਇਕੋ ਸਮੇਂ ਦੀ ਬਰਸਾਤ ਨਹੀਂ।

*****

### ਕਵਿਤਾ/ਕਲਮ ਕਵੀ ਦੀ/ਸੁਰਿੰਦਰ ਮਕਸੂਦਪੁਰੀ



ਕਲਮ ਕਵੀ ਦੀ
ਸਦਾ ਵਗਦੀ ਨਦੀ
ਕਲਮ ਦੀ ਅਉਧ
ਵਧੇ ਸਦੀਉਂ ਸਦੀ

ਸਿਆਹੀ ਦਾ ਕਤਰਾ
ਸਮੁੰਦਰ ਬਣ ਜਾਵੇ
ਜਦੋਂ ਸ਼ਬਦਾਂ ਦੇ ਜਾਮੇ
ਕੋਰੇ ਸਫ਼ਿਆਂ ਦੇ ਰਾਹੀਂ
ਕਲਮ ਦੀ ਨੋਕ 'ਤੇ ਆਵੇ

ਖੜ੍ਹੀਆਂ ਕਲਮਾਂ
ਸੜ-ਸੁੱਕ ਜਾਵਣ
ਇਹ ਰੁਕੀਆਂ ਨਦੀਆਂ
ਮਰ-ਮੁਕ ਜਾਵਣ

ਕਲਮ ਕਵੀ ਦੀ
ਸਦਾ ਬਹਾਰ
ਪੱਤਝੜ ਵਿਚ ਵੀ
ਖਿੜੀ ਗੁਲਜ਼ਾਰ

ਕਲਮ ਕਵੀ ਦੀ
ਸਰਘੀ ਦੀ ਲਾਲੀ
ਚੜ੍ਹਦੇ ਸੂਰਜ ਦੀ
ਰਿਸ਼ਮ-ਰੁਪਾਲੀ

ਕਲਮ ਕਵੀ ਦੀ
ਜਾਏ ਅੱਖਰ
ਮਾਂ ਬੋਲੀ ਦੇ
ਹਮਸਾਏ ਅੱਖਰ

ਅਗਿਆਨ ਦੇ ਅੰਬਰੀਂ
ਗਿਆਨ ਦੇ ਦੀਵੇ
ਲੋਅ ਜਿਨ੍ਹਾਂ ਦੀ
ਰੂਹ ਰੁਸ਼ਨਾਵੇ
ਜੁੱਗ-ਜੁੱਗ ਜੀਵੇ
ਜੁੱਗ-ਜੁੱਗ ਥੀਵੇ

ਕਲਮ ਕਵੀ ਦੀ
ਕੀਮਤੀ ਗਹਿਣਾ
ਜਿਵੇਂ ਮਿਰਗ ਦੇ ਅੰਦਰ
ਕਸਤੂਰੀ ਰਹਿਣਾ

ਫ਼ਰਜ਼ ਨਿਭਾਉਂਦੀ
ਵਚਨ ਪੁਗਾਉਂਦੀ
ਹੋ ਚੌਕਸ ਹੋਸ਼ਿਆਰ
ਜਿਉਂ ਸਰਹੱਦਾਂ 'ਤੇ ਰਾਖੀ ਕਰਦੇ
ਸੁੱਤੇ ਹੋਏ ਵੀ ਜਾਗਣ
ਚੇਤੰਨ-ਚੁਕੰਨੇ ਹਥਿਆਰ

'ਮਕਸੂਦਪੁਰੀ' ਇਹ ਕਲਮ ਕਵੀ ਦੀ
ਆਦਿ ਜੁਗਾਦੀ ਹੋਂਦ ਨਦੀ ਦੀ
ਸਾਹਾਂ ਦੀ ਸਰਗਮ ਸ਼ੂਕਦੀ
ਜਿਉਂ ਮਹਿਕ ਦੀ ਰੁੱਤੇ
ਸੁਰਾਂ ਅਲਾਪਦੀ, ਕੋਇਲ ਕੂਕਦੀ :
ਰੱਖਿਓ ਸਾਂਭ ਸਦਾ ਜਨਾਬ
ਕਾਗਦ ਕਲਮ ਅਤੇ ਕਿਤਾਬ।

-234, **ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ**-144021
**ਮੋ. 99887-10234**

*****

## **ਸ਼ਰਧਾਂਜਲੀ**/ਰਤਨ ਟਾਹਲਵੀ



ਧਰਤੀ ਕੋਈ ਵੀ ਹੋ ਸਕਦੀ ਏ
ਉਜ਼ਬੇਕਿਸਤਾਨ, ਕਜ਼ਾਕਸਤਾਨ
ਜਾਂ ਪਾਕਿਸਤਾਨ।
ਤੇ
ਸ਼ਹਿਰ ਕੋਈ ਵੀ ਹੋ ਸਕਦਾ ਹੈ
ਭਾਵੇਂ ਲਾਹੌਰ, ਪਸ਼ੌਰ ਤੇ ਪਿਛਾਵਰ।
ਪਰ
ਨੁਕਸਾਨ ਕਰਨ ਵਾਸਤੇ
ਕਿੱਥੋਂ ਆ ਗਏ ਇਹ ਲੋਕ
ਇਨ੍ਹਾਂ ਮਾਸੂਮ ਧਰਤੀਆਂ 'ਤੇ
ਉਠਾਈ ਮਸਲੇ
ਮੋਮਨ ਤੇ ਕਾਫ਼ਰ
ਫੌਜ ਤੇ ਜਹਾਦ
ਸ਼ੀਆ ਤੇ ਸੁੰਨੀ ਦੇ।

ਕਿੱਥੇ ਦੀਵਾਰਾਂ ਦੀ ਮਰਿਯਾਦਾ
ਨੂੰ ਤੋੜਦੇ ਹੋਏ
ਸੰਗੀਨਾਂ ਨੂੰ ਜ਼ਿਹਨ 'ਚ ਟਿਕਾ
ਰੋਸ਼ਨੀਆਂ ਦੇ ਮਦਰੱਸੇ ਵਿਚ
ਹਸਦੇ ਖੇਡਦੇ ਚਰਾਗ਼ ਬੁਝਾਉਣ ਲਈ
ਇਹ ਕਿੱਥੋਂ ਆ ਗਏ
ਬਾਰੂਦਾਂ ਦਾ ਵਣਜ ਕਰਨ ਵਾਲੇ
ਇਹ ਦਿਲਹੀਣੇ ਸ਼ੈਤਾਨ।

ਮਰਿਯਾਦਾ ਨੂੰ ਤੋੜਦੇ ਹੋਏ
ਇਹ ਵਣਜਾਰੇ ਬਾਰੂਦਾਂ ਨੂੰ
ਜ਼ਿਹਨ ਤੇ ਮੋਢੇ 'ਤੇ ਟਿਕਾਈ
ਆ ਵੜੇ ਨੇ ਵਿਹੜੇ
ਰੋਸ਼ਨੀਆਂ ਦੇ।
ਤੇ
ਪਲਾਂ 'ਚ ਹੀ
ਮਾਸੂਮ ਰੋਸ਼ਨੀਆਂ ਦੇ ਚੀਕ ਚਿਹਾੜੇ ਨੂੰ
ਜ਼ਹਿਰੀਲੇ ਵਾਤਾਵਰਣ ਵਿਚ
ਨੁਹਾ ਕੇ
ਕਰ ਦਿੱਤੇ ਨੇ 'ਸ਼ਾਂਤ ਚਿੱਤ'
ਨੇਰ੍ਹਿਆਂ ਦੀ ਗੋਦ ਵਿਚ
ਅਭਾਗੇ ਸਿਰਜਣਹਾਰਿਆਂ ਦੀ ਕੁਰਲਾਹਟ ਵਿਚ
ਉਨ੍ਹਾਂ ਦੇ ਰੋਸ਼ਨੀ ਦੇ ਚਰਾਗ਼
ਕੁਝ ਵੀ ਹੁੰਗਾਰਾ ਨਾ ਭਰ ਸਕੇ ਵਿਚਾਰੇ
ਸਿਰਜਣਹਾਰਿਆਂ ਦੀ ਭਵਿੱਖ ਵਿਚ
ਡੰਗੋਰੀ ਬਣਨ ਵਾਲੇ ਇਹ ਚਰਾਗ਼।

*****

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# Ten Fantastic Words

| | | | |
|---|---|---|---|
| 1. | The most selfish one letter word is | I | Avoid it |
| 2. | The most satisfying two letter word is | We | Use it |
| 3. | The most poisouous three letter word is | Ego | Kill it |
| 4. | The most used four letter word is | Love | Value it |
| 5. | The most pleasing five letter word is | Smile | Keep it |
| 6. | The fastest spreading six letter word is | Rumour | Ignore it |
| 7. | The Hardworking seven letter word is | Success | Achieve it |
| 8. | The most enviable eight letter word is | Jealousy | Distance it |
| 9. | The most Powerful Nine letter word is | Knowledge | Acquire it |
| 10. | The most divine ten letter word is | Freindship | Mantain it |


# TEN TIPS OF LIFE

1. “Assurance for tomorrow is, what you do today”
2. “There is no teacher, but your own soul”
3. “A word uttred from a pure heart, never goes in vain”
4. “Nobody can give you the wise advise, than yourself”
5. “Behaviour is such a mirror in which everyone is displaying his own image”
6. “The jewal among jewals is a good character”
7. “Next to the mother’s smile, books are best”
8. “Victory always favours the truth”
9. “Kindness is the force which runs the universe”
10. “The cheerful looser is a winner.”

ਇਨਸਾਨ ਦੀ ਚਾਹਤ ਹੁੰਦੀ ਹੈ
ਉੱਡਣ ਨੂੰ ਪਰ ਮਿਲੇ।
ਪਰ ਪਰਿੰਦੇ ਸੋਚਦੇ ਨੇ
ਉਨ੍ਹਾਂ ਨੂੰ ਰਹਿਣ ਨੂੰ ਘਰ ਮਿਲੇ।

ਪੈਰ ਦੀ ਮੋਚ
ਅਤੇ ਛੋਟੀ ਸੋਚ
ਇਨਸਾਨ ਨੂੰ ਅੱਗੇ
ਨਹੀਂ ਵਧਣ ਦਿੰਦੀ।

# Happy Engineers Day




The engineering community across India is celebrating Engineers Day on 15th September every year as a remarkable tribute to the greatest Indian Engineer Bharat Ratna Mokshagundam Visvesvaraya (Popularly Known as Sir MV). He is held in high regard as a "Pre-eminent Engineer of India".

(1860-1962) The nation has celebrated Engineers Day to mark the 150th birth anniversary of Sir Mokshagundam Visvesvaraya, one of the greatest engineers India has produced and a person behind many iconic constructions in India. Year 2017 is mark the 49th anniversary of the Engineers Day in India. It's significant occasion considering the fact that India Produces close to 20 lakh engineers in a year.


Sir MV was an acclaimed engineer recognised for his mastermind in harnessing water resources. He had successfully designed and constructed several river dams, bridges and revolutionized the irrigation and drinking water system.

Sir MV was born on september 15,1861 to Srinivasa Sastry and Venkchanma at Muddenahalli Village in Kolar district of Karnatka. He began his career as a Assistant Engineer with PWD at mumbai in 1884 and was later requested to join the Indian irrigation commission. He worked with complete dedication and Perseverance and got promoted as chief engineer in mysore state in 1909. As a chief engineer he was responsible for constructing Krishna Raja Sagar dam in Mandya district. Sir MV received the Prestigious "Bharat Ratna" in 1955. His age was 101 years when he heavenly abode on 12 Apr. 1962.

**Engineer Parminderjit Singh**



# MATRIMONIAL



**GAURAV PAL SINGH D.O.B- 26 NOVEMBER 1993, AGE- 28 YEARS, HEIGHT- 6FT, COMPLEXTION- FAIR STATUS- PERMANENT RESIDENT OF CANADA EDUCATION- M-TECH IN CIVIL ENGEERING FROM PTU HOMETOWN- MOHALI, PUNJAB CONTACT NO - 7889282296.**

* * * * *

**MATCH FOR LUBANA SIKH GIRL AGE-25 YEARS, HEIGHT 5'6", M.A. (ENGLISH), ETT. PUNJAB GOVT. TEACHER, BELONGS TO MOHALI DISTRICT CONTACT- 88729-66066.**

* * * * *

**LOBANA SIKH CLEAN SHAVEN WHITISH BLUE EYES 50 YEARS HEIGHT 5'7" WEIGHT 70KGS ETHELETIC OWN PETROL PUMP IN SHICAGO. AGRICULTURAL LAND IN PANJAB AND HARYANA. KOTHI IN MOHALI. SEEKS LIFE PARTNER IN USA NO BARS BIKRAM SINGH. CONTACT- 0012194555157.**

* * * * *

**WANTED BEAUTIFUL SLIM SOBER BRIDE FOR LOBANA BOY CITIZEN DATE OF BIRTH- 3-12-1990 HEIGHT 5'11" ATHELETIC DIPLOMA IN SOFTWARE DIPLOMA IN HARDWARE ELECTRONIC. OWN BUNGLOW RECENTLY PURCHASED IN OWN BUSINESS IN USA. MOTHER IS EX GOVERNMENT TEACHER OF PANJAB. ALSO OWN FLAT IN CHANDIGARH. CONTACT-BALJIT KAUR (MOTHER) 0012192760819 JASJIT SINGH GROOM. CONTACT- 0013172025546.**

* * * * *

**WE ARE LOOKING FOR SUITABLE BRIDE FOR OUR SON ATAMVIR SINGH MULTANI, DOB-27-12-1993, HEIGHT 6'3" GRADUATION- B-TECH MECHANICAL ENGINEERING FROM CGC LANDRAN CHANDIGARH PROFESSIONAL QUALIFIED COMMERCIAL PILOT AND WORKS AS A CAPTAIN WITH KEEWATIN AIR IN CANADA. HE HOLDS PERMANENT RESIDENCY WITH BRITISH AIRWAYS. FATHER RETIRED LT COL. WORKING IN GURGAON. MOTHER IS A PHD AND WAS WORKING AS DEAN HR AND CDC IN A MANAGEMENT. CONTACT- 9650230043.**

* * * * *

**SUITABLE MATCH FOR LOBANA SIKH BEAUTIFUL SENIOR LECTURER DENTAL COLLEGE MDS ORAL & MAXILLOFACIAL SURGEON SPECIALIST IN TRAUMA & DENTAL IMPLANTS AGE 31 YEARS LOOKS MUCH YOUNGER HEIGHT 5"5' MOHALI BASED MIDDLE CALSS DOWN TO EARTH VEGETARIAN FAMILY. DOCTOR/ CIVIL SERVICES /GAZETTED OFFICER RANK MOHALI/ NEARBY PREFFERED. CONTACT- 8837632383 E-MAIL- pelia3352@gmail.com**

* * * * *

**LUBANA SIKH BOY DEC '92, 5.11", BE MBA MNC ASSTT MANAGER GURGAON REQUIRED B-TECH, M-TECH, MBA, MCA QUALIFIED GIRL. CONTACT : 09417145424, 08360907886.**

* * * * *

## ਬੇਨਤੀ

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।**

**ਅਦਾਰਾ ਲੁਬਾਣਾ ਸੇਵਕ**

# ਭਾਦੋਂ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ: | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸਰਦਾਰ ਭਗਤ ਸਿੰਘ<br>ਆਈ.ਏ.ਐਸ (ਰਿਟਾ.), ਫੇਜ-3ਬੀ-2, ਮੋਹਾਲੀ। | 500 | ਐਨ-2022-23<br>172 | 14.08.2022 |
| 2. | ਸਰਦਾਰ ਮਨਜੀਤ ਸਿੰਘ ਲੋਬਾਨਾ<br>ਗੁਰੂਘਰ ਇੰਚਾਰਜ, ਬੀ.ਐਮ.ਐਸ.ਐਲ, ਚੰਡੀਗੜ੍ਹ | 500 | ਐਨ-2022-23<br>173 | 14.08.2022 |
| 3. | ਪੰਡਿਤ ਰਾਮ ਕੁਮਾਰ, ਕੰਟੀਨ<br>ਬੀ.ਐਮ.ਐਸ.ਐਲ, ਚੰਡੀਗੜ੍ਹ। | 500 | ਐਨ-2022-23<br>176 | 17.08.2022 |
| 4. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਵਿੱਤ ਸਕੱਤਰ, ਸੈਕਟਰ-40, ਚੰਡੀਗੜ੍ਹ | 200 | ਐਨ-2022-23<br>177 | 17.08.2022 |
| 5. | ਐਨ.ਪੀ. ਸਿੰਘ<br>ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ | 200 | ਐਨ-2022-23<br>178 | 17.08.2022 |
| 6. | ਮੇਜਰ ਐਨ ਐਸ ਮੁਲਤਾਨੀ (ਰਿਟਾ.)<br>ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ, ਚੰਡੀਗੜ੍ਹ | 500 | ਐਨ-2022-23<br>179 | 17.08.2022 |
| 7. | ਸ਼੍ਰੀਮਤੀ ਗੁਰਬਾਣੀ<br>ਸੈਕਟਰ-20-ਡੀ, ਚੰਡੀਗੜ੍ਹ | 100 | ਐਨ-2022-23<br>180 | 17.08.2022 |
| 8. | ਸੂਬੇਦਾਰ ਮੇਜਰ ਹਸਪਾਲ ਸਿੰਘ<br>ਏ.ਕੇ.ਐਸ. ਕਲੋਨਾ, ਜ਼ੀਰਕਪੁਰ | 200 | ਐਨ-2022-23<br>181 | 17.08.2022 |
| 9. | ਸ਼੍ਰੀਮਤੀ ਸੁਰਜੀਤ ਕੌਰ<br>ਚੰਡੀਗੜ੍ਹ | 200 | ਐਨ-2022-23<br>182 | 17.08.2022 |
| 10. | ਮਨਜੀਤ ਸਿੰਘ ਲੋਬਾਨਾ<br>ਗੁਰੂ ਘਰ ਇੰਚਾਰਜ, ਬੀ.ਐਮ.ਐਸ.ਐਲ, ਚੰਡੀਗੜ੍ਹ। | 500 | ਐਨ-2022-23<br>183 | 17.08.2022 |
| 11. | ਇੰਜ: ਹਰਦੇਵ ਸਿੰਘ<br>ਫੇਜ-7, ਮੋਹਾਲੀ | 200 | ਐਨ-2022-23<br>184 | 17.08.2022 |
| 12. | ਸਰਦਾਰ ਨਰਿੰਦਰ ਸਿੰਘ<br>ਪੀ.ਈ.ਐਸ (ਰਿਟਾ.), ਸਨੀ ਐਨਕਲੇਵ, ਮੋਹਾਲੀ | 500 | ਐਨ-2022-23<br>185 | 17.08.2022 |
| 13. | ਸਰਦਾਰ ਗੁਰਚਰਨ ਸਿੰਘ<br>ਸੀਨੀਅਰ ਵਾਇਸ ਪ੍ਰਧਾਨ, ਸੈਕਟਰ-35, ਚੰਡੀਗੜ੍ਹ | 500 | ਐਨ-2022-23<br>186 | 17.08.2022 |
| 14. | ਸ਼੍ਰੀਮਤੀ ਹਰਪ੍ਰੀਤ ਕੌਰ ਪੇਲੀਆ<br>ਸੈਕਟਰੀ, ਬੀ.ਐਮ.ਐਸ.ਐਲ. ਚੰਡੀਗੜ੍ਹ | 1100 | ਐਨ-2022-23<br>187 | 17.08.2022 |
| 15. | ਰਜਿੰਦਰਪਾਲ ਸਿੰਘ<br>ਬੀ.ਐਮ.ਐਸ.ਐਲ, ਚੰਡੀਗੜ੍ਹ | 200 | ਐਨ-2022-23<br>188 | 17.08.2022 |

| | | | | |
|---|---|---|---|---|
| 16. | ਸਰਦਾਰ ਗੁਰਦਿਆਲ ਸਿੰਘ ਘੋਤਰਾ<br>ਬਲਦੇਵ ਨਗਰ, ਅੰਬਾਲਾ ਸ਼ਹਿਰ | 50000 | ਐਨ-2022-23<br>189 | 17.08.2022 |
| 17. | ਅਮਰੀਕ ਸਿੰਘ, ਜਲੰਧਰ | 25000 | ਆਈ-1728 | 19.08.2022 |
| 18. | ਸਤਬੀਰ ਸਿੰਘ | 1500 | ਆਈ-1729 | 19.08.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**



**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**



ਸ. ਗੁਰਦਿਆਲ ਸਿੰਘ ਘੋਤਰਾ, ਰਿਜ਼ਨਲ ਪ੍ਰਧਾਨ ਨੂੰ 17 ਅਗਸਤ 2022 ਨੂੰ ਭਵਨ ਵਿਖੇ ਸ. ਗੁਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ ਨੇ ਮੈਨੇਜਮੈਂਟ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ।



ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਸੁਸਾਇਟੀ (ਰਜਿ.) ਜਲੰਧਰ ਵੱਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਕੰਪਲੈਕਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨਾ ਦਿਵਸ ਨੂੰ ਸਮਰਪਿਤ ਕੀਰਤਨ ਦਰਬਾਰ, ਥੜ੍ਹਾ ਸਾਹਿਬ ਪ੍ਰਕਾਸ਼ ਅਸਥਾਨ ਹਾਲ ਸੰਗਮਰਮਰ ਦਾ ਬਣਾਉਣ ਉਪਰੰਤ ਨਿਸ਼ਾਨ ਸਾਹਿਬ ਦਾ ਨਵੀਨੀਕਰਨ (ਆਟੋਮੈਟਿਕ) ਕਰਕੇ ਮੁੜ ਸਥਾਪਨਾ ਕਰਨ ਸਮੇਂ ਡੀ. ਐਸ.ਪੀ. ਮਹਿੰਦਰ ਸਿੰਘ ਪ੍ਰੈਜ਼ੀਡੈਂਟ, ਐਡਵੋਕੇਟ ਸ. ਗੁਰਨਾਮ ਸਿੰਘ ਪੇਲੀਆ, ਡਾ. ਕਰਨੈਲ ਸਿੰਘ, ਇੰਜ. ਭਗਵਾਨ ਸਿੰਘ ਲੁਬਾਣਾ, ਇੰਜ. ਪਰਮਿੰਦਰਜੀਤ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਪ੍ਰਿੰ. ਟਹਿਲ ਸਿੰਘ, ਸ. ਪ੍ਰਤਾਪ ਸਿੰਘ, ਐਸ.ਐਸ.ਪੀ. ਜਗਜੀਤ ਸਿੰਘ, ਐਡਵੋਕੇਟ ਗੁਰਮੀਤ ਸਿੰਘ ਨਡਾਲਾ, ਪ੍ਰੀਤਮ ਸਿੰਘ ਨੌਰੰਗਪੁਰ, ਜਸਵੰਤ ਸਿੰਘ ਭਦਾਸ, ਇੰਸਪੈਕਟਰ ਭੁਪਿੰਦਰ ਸਿੰਘ, ਮੇਜਰ ਪ੍ਰੀਤਮ ਸਿੰਘ ਮਕਸੂਦਾਂ, ਕੁਲਵੰਤ ਸਿੰਘ ਜਲੰਧਰ, ਬਲਵਿੰਦਰ ਸਿੰਘ ਛੋਟੀ ਬਾਰਾਦਰੀ ਅਤੇ ਡੀ.ਐਸ.ਪੀ. ਲਖਵਿੰਦਰ ਸਿੰਘ

Regd No. 32212/78
Postal No.-- G/CHD/0111/2018-2020

# 17 ਅਗਸਤ 2022 ਨੂੰ ਭਾਦੋਂ ਮਹੀਨੇ ਦੀ ਸੰਗਰਾਂਦ ਦੀਆਂ ਤਸਵੀਰਾਂ





# WORKING COMMITTEE MEETING OF BMSL FOUNDATION HELD ON 31 AUGUST 2022 AT CHANDIGARH BHAWAN

